ਸਾਂਝੀ ਸੋਚ ਅਖ਼ਬਾਰ
ਅਤੇ ਟੀ.ਵੀ ਨਾਲ
ਜੁੜਨ ਲਈ
ਸੰਪਰਕ ਕਰੋ

ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ

SANJHI SOCH HD

ਸਾਂਝੀ ਸੋਚ

ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ






VOL-13 ISSUE 2577 | 6 September, 2026 Sunday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260





# ਡੋਮਿਨਿਕਨ ਰਿਪਬਲਿਕ ਦੀ ਜੋਹੇਰੀ ਮੋਲਾ ਡੋਮਿੰਗੁਏਜ਼ ਦੇ ਸਿਰ ਸਜਿਆ ਮਿਸ ਵਰਲਡ 2026 ਦਾ ਤਾਜ

**ਵੀਅਤਨਾਮ ਸਾਂਝੀ ਸੋਚ ਬਿਊਰੋ**

ਡੋਮਿਨਿਕਨ ਰਿਪਬਲਿਕ ਦੀ ਜੋਹੇਰੀ ਮੋਲਾ ਡੋਮਿੰਗੁਏਜ਼ ਨੇ ਮਿਸ ਵਰਲਡ 2026 ਦਾ ਤਾਜ ਆਪਣੇ ਸਿਰ ਸਜਾ ਲਿਆ ਹੈ। ਸੁੰਦਰਤਾ ਮੁਕਾਬਲੇ ਦਾ ਗ੍ਰੈਂਡ ਫਿਨਾਲੇ ਸ਼ਨੀਵਾਰ ਨੂੰ ਵੀਅਤਨਾਮ ਦੇ ਨਹਾ ਤ੍ਰਾਂਗ ਵਿੱਚ ਹੋਇਆ। ਮਿਸ ਵਰਲਡ 2025, ਓਪਲ ਸੁਚਾਤਾ ਚੁਆਂਗਸਰੀ, ਨੇ ਨਵੀਂ ਮਿਸ ਵਰਲਡ 2026 ਦਾ ਤਾਜ ਪਹਿਨਾਇਆ। ਸਪੇਨ ਦੀ ਐਲਿਜ਼ਾਬੈਥ ਰੇਨੇਸ ਉਪ ਜੇਤੂ ਰਹੀ, ਜਦੋਂ ਕਿ ਮਲੇਸ਼ੀਆ ਦੀ ਤਨੁਸੀਆ ਚੇਟੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਗੌਰਤਲਬ ਹੈ ਕਿ ਨਿਕਿਤਾ ਪੋਰਵਾਲ ਨੇ ਮੁਕਾਬਲੇ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ। ਹਾਲਾਂਕਿ, ਉਹ ਸਿਰਫ ਟੌਪ 40 ਰਾਊਂਡ ਵਿੱਚ ਪਹੁੰਚੀ ਅਤੇ ਟੌਪ 20 ਵਿੱਚ ਅੱਗੇ ਨਹੀਂ ਵਧ ਸਕੀ। ਇਹ ਮਿਸ ਵਰਲਡ ਮੁਕਾਬਲੇ ਦਾ 73ਵਾਂ ਐਡੀਸ਼ਨ ਸੀ, ਇਸ ਸਮਾਗਮ ਨੇ ਆਪਣੀ 75ਵੀਂ ਵਰ੍ਹੇਗੰਢ ਵੀ ਮਨਾਈ। ਸਮਾਰੋਹ ਦੌਰਾਨ, ਇਹ ਐਲਾਨ ਕੀਤਾ ਗਿਆ ਕਿ ਮਿਸ ਵਰਲਡ 2027 ਅਗਲੇ ਸਾਲ ਤਨਜ਼ਾਨੀਆ ਵਿੱਚ ਆਯੋਜਿਤ ਕੀਤੀ ਜਾਵੇਗੀ।










# ਰਾਹੁਲ ਗਾਂਧੀ ਦੇ ਪੰਜਾਬ ਦੌਰੇ ਤੋਂ ਪਹਿਲਾਂ ਪੰਜਾਬ ਕਾਂਗਰਸ 'ਚ ਫੇਰਬਦਲ

## ਸਚਿਨ ਪਾਇਲਟ ਪੰਜਾਬ ਕਾਂਗਰਸ ਦੇ ਨਵੇਂ ਇੰਚਾਰਜ ਨਿਯੁਕਤ

**ਨਵੀਂ ਦਿੱਲੀ ਸਾਂਝੀ ਸੋਚ ਬਿਊਰੋ**

ਰਾਹੁਲ ਗਾਂਧੀ ਦੇ ਪੰਜਾਬ ਦੌਰੇ ਤੋਂ ਪਹਿਲਾਂ ਪੰਜਾਬ ਕਾਂਗਰਸ ਵਿਚ ਵੱਡਾ ਫੇਰਬਦਲ ਕੀਤਾ ਗਿਆ ਹੈ। ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਦੀ ਥਾਂ ਹੁਣ ਸਚਿਨ ਪਾਇਲਟ ਨੂੰ ਪੰਜਾਬ ਕਾਂਗਰਸ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਜਦਕਿ ਭੁਪੇਸ਼ ਬਘੇਲ ਅਸਾਮ ਕਾਂਗਰਸ ਦੇ ਇੰਚਾਰਜ ਹੋਣਗੇ। ਇਸ ਤੋਂ ਇਲਾਵਾ ਰਣਦੀਪ ਸ਼ੂਰਜੇਵਾਲਾ ਨੂੰ ਗੁਜਰਾਤ ਕਾਂਗਰਸ, ਸੁਖਦੇਓ ਭਗਤ ਨੂੰ ਛੱਤੀਸਗੜ੍ਹ, ਡਾ. ਸਿਰੀਵੇਲਾ ਪ੍ਰਸਾਦ ਨੂੰ ਮਹਾਰਾਸ਼ਟਰ ਅਤੇ ਪੀ.ਵੀ. ਮੋਹਨ ਨੂੰ ਆਂਧਰਾ ਪ੍ਰਦੇਸ਼ ਕਾਂਗਰਸ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ।






# ਭਾਰਤ ਨੇ ਪਾਕਿਸਤਾਨ ਨੂੰ 7 ਵਿਕਟਾਂ ਨਾਲ ਹਰਾਇਆ

## ਪਾਕਿਸਤਾਨ ਨੇ ਬਣਾਇਆ ਟੂਰਨਾਮੈਂਟ ਦੇ ਇਤਿਹਾਸ ਦਾ ਸਭ ਤੋਂ ਛੋਟਾ ਸਕੋਰ

**ਨਵੀਂ ਦਿੱਲੀ ਸਾਂਝੀ ਸੋਚ ਬਿਊਰੋ**

ਭਾਰਤੀ ਮਹਿਲਾ ਟੀਮ ਨੇ ਟੀ-20 ਏਸ਼ੀਆ ਕੱਪ ਵਿੱਚ ਪਾਕਿਸਤਾਨ ਨੂੰ 7 ਵਿਕਟਾਂ ਨਾਲ ਹਰਾਇਆ। ਉਨ੍ਹਾਂ ਨੇ 56 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ 8.4 ਓਵਰਾਂ ਵਿੱਚ 3 ਵਿਕਟਾਂ ਦੇ ਨੁਕਸਾਨ 'ਤੇ ਟੀਚਾ ਹਾਸਲ ਕਰ ਲਿਆ। ਸ਼ਨੀਵਾਰ ਨੂੰ ਦੁਬਈ ਇੰਟਰਨੈਸ਼ਨਲ ਸਟੇਡੀਅਮ ਵਿੱਚ, ਪਾਕਿਸਤਾਨ ਦੀ ਟੀਮ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ 55 ਦੌੜਾਂ 'ਤੇ ਆਲ ਆਊਟ ਹੋ ਗਈ। ਇਹ ਟੂਰਨਾਮੈਂਟ ਦੇ ਇਤਿਹਾਸ ਦਾ ਸਭ ਤੋਂ ਛੋਟਾ ਸਕੋਰ ਹੈ। ਇਹ ਟੀ-20 ਅੰਤਰਰਾਸ਼ਟਰੀ ਮੈਚਾਂ ਵਿੱਚ ਪਾਕਿਸਤਾਨ ਦਾ ਹੁਣ ਤੱਕ ਦਾ ਸਭ ਤੋਂ ਛੋਟਾ ਸਕੋਰ ਵੀ ਹੈ। ਅੱਜ ਖੇਡੇ ਗਏ ਮੁਕਾਬਲੇ ਵਿੱਚ ਭਾਰਤੀ ਟੀਮ ਲਈ, ਸ਼੍ਰੀ ਚਰਨੀ ਅਤੇ ਪ੍ਰੇਮਾ ਰਾਵਤ ਨੇ ਤਿੰਨ-ਤਿੰਨ ਵਿਕਟਾਂ ਲਈਆਂ, ਜਦੋਂ ਕਿ ਦੀਪਤੀ ਸ਼ਰਮਾ ਨੇ ਦੋ ਵਿਕਟਾਂ ਲਈਆਂ।














# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties

For more properties or business, contact us.






**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ **Pre-Approvals** ਪ੍ਰਾਪਤ ਕਰੋ

# LENDINGASSETS
Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road, Suite H2-167 Modesto, CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਕੁਰਸੀ ਤੋਂ ਉੱਪਰ ਉੱਠ ਕੇ ਸਾਹਿਤਕਾਰਾਂ ਨੂੰ ਦਿਲ ਵਿੱਚ ਵਸਾਉਣ ਵਾਲਾ ਮੰਤਰੀ

## ਖ਼ਾਬ ਤੋਂ ਯਾਦਗਾਰ ਤੱਕ: ਇੱਕ ਮਜ਼ਦੂਰ ਕੰਠ ਕਵੀ ਨੂੰ ਸੱਚੀ ਸ਼ਰਧਾਂਜਲੀ




ਪੰਜਾਬ ਦੀ ਸਿਆਸਤ ਵਿੱਚ ਮੰਤਰੀ ਆਉਂਦੇ ਹਨ, ਆਪਣੇ ਕਾਰਜਕਾਲ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹਨ ਅਤੇ ਸਮੇਂ ਦੇ ਨਾਲ ਅੱਗੇ ਵਧ ਜਾਂਦੇ ਹਨ। ਪਰ ਇਨ੍ਹਾਂ ਵਿੱਚੋਂ ਕੁਝ ਚੋਣਵੇਂ ਲੋਕ-ਪ੍ਰਤੀਨਿਧੀ ਅਜਿਹੇ ਵੀ ਹੁੰਦੇ ਹਨ, ਜੋ ਸਿਰਫ਼ ਅਹੁਦੇ ਦੀ ਕੁਰਸੀ 'ਤੇ ਬੈਠ ਕੇ ਰਾਜਨੀਤੀ ਨਹੀਂ ਕਰਦੇ, ਸਗੋਂ ਕੁਰਸੀ ਤੋਂ ਉੱਪਰ ਉੱਠ ਕੇ ਮਨੁੱਖਾਂ ਦੇ ਦਿਲਾਂ ਵਿੱਚ ਆਪਣੀ ਥਾਂ ਬਣਾਉਂਦੇ ਹਨ। ਸਾਹਿਤ ਅਤੇ ਸਾਹਿਤਕਾਰਾਂ ਪ੍ਰਤੀ ਉਨ੍ਹਾਂ ਦਾ ਸਤਿਕਾਰ ਰਸਮੀ ਸਮਾਗਮਾਂ, ਫੁੱਲਾਂ ਦੇ ਹਾਰਾਂ ਜਾਂ ਦੋ-ਚਾਰ ਮਿੰਟ ਦੀਆਂ ਮੁਲਾਕਾਤਾਂ ਤੱਕ ਸੀਮਤ ਨਹੀਂ ਰਹਿੰਦਾ। ਉਹ ਸਾਹਿਤਕਾਰਾਂ ਨੂੰ ਪੜ੍ਹਦੇ ਹਨ, ਸਮਝਦੇ ਹਨ, ਉਨ੍ਹਾਂ ਦੀਆਂ ਰਚਨਾਵਾਂ ਨੂੰ ਯਾਦ ਰੱਖਦੇ ਹਨ ਅਤੇ ਕਈ ਵਾਰ ਉਨ੍ਹਾਂ ਦੀਆਂ ਕਵਿਤਾਵਾਂ ਦੀਆਂ ਸਤਰਾਂ ਤੱਕ ਮੂੰਹ-ਜ਼ਬਾਨੀ ਸੁਣਾ ਦਿੰਦੇ ਹਨ।

ਅਜਿਹੀ ਹੀ ਇੱਕ ਸੁਹਿਰਦ ਅਤੇ ਭਾਵਪੂਰਤ ਕਹਾਣੀ ਪਠਾਨਕੋਟ ਨੇੜਲੇ ਪਿੰਡ ਕੁੰਡਾ ਫਿਰੋਜ਼ਪੁਰ ਦੀ ਧਰਤੀ ਨਾਲ ਜੁੜੀ ਹੋਈ ਹੈ ਇੱਕ ਅਜਿਹੇ ਮਜ਼ਦੂਰ ਦੀ, ਜਿਸ ਦੇ ਹੱਥਾਂ ਵਿੱਚ ਮਿਹਨਤ ਦੀਆਂ ਲਕੀਰਾਂ ਸਨ, ਪਰ ਹਿਰਦੇ ਵਿੱਚ ਕਵਿਤਾ ਦਾ ਸਮੁੰਦਰ ਵੱਸਦਾ ਸੀ। ਇਹ ਕਹਾਣੀ ਹੈ ਮਹਾਨ ਮਜ਼ਦੂਰ ਅਤੇ ਕੰਠ ਕਵੀ ਸਵਰਗੀ ਸ੍ਰੀ ਗਿਆਨ ਚੰਦ ਜੀ ਦੀ ਅਤੇ ਉਨ੍ਹਾਂ ਦੀ ਯਾਦ ਨੂੰ ਸਾਂਭਣ ਲਈ ਇੱਕ ਮੰਤਰੀ ਵੱਲੋਂ ਦੇਖੇ ਗਏ ਉਸ ਖ਼ਾਬ ਦੀ, ਜੋ ਸਮੇਂ ਦੇ ਪੰਨਿਆਂ ਤੋਂ ਨਿਕਲ ਕੇ ਹੁਣ ਇੱਟਾਂ, ਪੱਥਰਾਂ ਅਤੇ ਕੰਧਾਂ ਦਾ ਰੂਪ ਧਾਰ ਰਿਹਾ ਹੈ।

### ਇੱਕ ਖ਼ਾਬ, ਜੋ ਸਮੇਂ ਨਾਲ ਮਰਿਆ ਨਹੀਂ

ਭੋਆ ਵਿਧਾਨ ਸਭਾ ਹਲਕੇ ਤੋਂ ਜਿੱਤ ਹਾਸਲ ਕਰਨ ਉਪਰੰਤ ਜਦੋਂ ਸ੍ਰੀ ਲਾਲ ਚੰਦ ਕਟਾਰੂ ਚੱਕ ਆਪਣੇ ਪਿਆਰੇ ਵੋਟਰਾਂ ਦਾ ਧੰਨਵਾਦ ਕਰਨ ਲਈ ਪਿੰਡ ਕੁੰਡਾ ਫਿਰੋਜ਼ਪੁਰ ਪਹੁੰਚੇ ਤਾਂ ਪਿੰਡ ਵਾਸੀਆਂ ਨਾਲ ਮਿਲਦਿਆਂ ਉਨ੍ਹਾਂ ਨੇ ਇਸੇ ਧਰਤੀ ਦੇ ਮਿਹਨਤੀ ਮਜ਼ਦੂਰ ਅਤੇ ਕੰਠ ਕਵੀ ਸ੍ਰੀ ਗਿਆਨ ਚੰਦ ਜੀ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਉਸ ਸਮੇਂ ਉਨ੍ਹਾਂ ਦੇ ਮਨ ਵਿੱਚ ਪਲ ਰਿਹਾ ਇੱਕ ਵਿਚਾਰ ਸ਼ਬਦਾਂ ਵਿੱਚ ਢਲਿਆ। ਉਨ੍ਹਾਂ ਨੇ ਕਿਹਾ ਕਿ ਜੇ ਪਰਮਾਤਮਾ ਨੇ ਚਾਹਿਆ ਤਾਂ ਪੰਜਾਬ ਸਰਕਾਰ ਦੀ ਮਦਦ ਨਾਲ ਇਸ ਮਹਾਨ ਮਜ਼ਦੂਰ ਕਵੀ ਦੀ ਯਾਦ ਨੂੰ ਸਦਾ ਜਿਉਂਦਾ ਰੱਖਣ ਲਈ ਪਿੰਡ ਵਿੱਚ ਕੁਝ ਜ਼ਰੂਰ ਕੀਤਾ ਜਾਵੇਗਾ। ਆਮ ਤੌਰ 'ਤੇ ਸਿਆਸਤ ਵਿੱਚ ਕਹੇ ਗਏ ਬਹੁਤ ਸਾਰੇ ਸ਼ਬਦ ਸਮੇਂ ਦੀ ਧੂੜ ਹੇਠ ਦੱਬ ਜਾਂਦੇ ਹਨ। ਪਰ ਕੁਝ ਸ਼ਬਦ ਅਜਿਹੇ ਹੁੰਦੇ ਹਨ, ਜੋ ਵਾਅਦਾ ਨਹੀਂ, ਸੰਕਲਪ ਬਣ ਜਾਂਦੇ ਹਨ। ਸਮਾਂ ਬੀਤਦਾ ਗਿਆ, ਪਰ ਇਹ ਖ਼ਾਬ ਮਰਿਆ ਨਹੀਂ। ਉਹ ਮਨ ਵਿੱਚ ਪਲਦਾ ਰਿਹਾ। ਫਿਰ ਸਮੇਂ ਨੇ ਕਰਵਟ ਲਈ। ਸ੍ਰੀ ਲਾਲ ਚੰਦ ਕਟਾਰੂ ਚੱਕ ਵਿਧਾਇਕ ਤੋਂ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਬਣੇ ਅਤੇ ਸਾਲਾਂ ਪਹਿਲਾਂ ਮਨ ਵਿੱਚ ਜਗਿਆ ਉਹ ਸੁਪਨਾ ਹੌਲੀ-ਹੌਲੀ ਅਮਲੀ ਰੂਪ ਧਾਰਨ ਕਰਨ ਲੱਗਾ। ਪਿੰਡ ਕੁੰਡਾ ਫਿਰੋਜ਼ਪੁਰ ਵਿੱਚ ਮਹਾਨ ਮਜ਼ਦੂਰ ਅਤੇ ਕੰਠ ਕਵੀ ਸਵਰਗੀ ਸ੍ਰੀ ਗਿਆਨ ਚੰਦ ਜੀ ਦੀ ਯਾਦ ਨੂੰ ਸਮਰਪਿਤ ਗ੍ਰਾਮੀਣ ਮਿੰਨੀ ਪੈਲੇਸ ਦੇ ਨਿਰਮਾਣ ਦਾ ਨੀਂਹ ਪੱਥਰ ਰੱਖਿਆ ਗਿਆ।

ਇਹ ਪਲ ਸਿਰਫ਼ ਇੱਕ ਇਮਾਰਤ ਦੇ ਨਿਰਮਾਣ ਦੀ ਸ਼ੁਰੂਆਤ ਨਹੀਂ ਸੀ, ਸਗੋਂ ਇੱਕ ਕਵੀ ਦੀ ਯਾਦ ਨੂੰ ਸਰਕਾਰੀ ਪੱਧਰ 'ਤੇ ਸਨਮਾਨ ਦੇਣ ਦਾ ਪਲ ਵੀ ਸੀ। ਐਲਾਨ ਕੀਤਾ ਗਿਆ ਕਿ ਆਉਂਦੇ ਸਮੇਂ ਵਿੱਚ ਇਹ ਮਿੰਨੀ ਪੈਲੇਸ ਤਿਆਰ ਕਰਕੇ ਆਮ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ। ਇਸ ਦਾ ਲਾਭ ਆਸ-ਪਾਸ ਦੇ ਲਗਭਗ 10-12 ਪਿੰਡਾਂ ਦੇ ਲੋਕਾਂ ਨੂੰ ਮਿਲੇਗਾ। ਇਸ ਯੋਜਨਾ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੋਵੇਗੀ ਕਿ ਆਮ ਲੋਕਾਂ ਨੂੰ ਵਿਆਹ-ਸ਼ਾਦੀਆਂ, ਸਮਾਜਿਕ ਸਮਾਗਮਾਂ ਅਤੇ ਹੋਰ ਜਨਤਕ ਕਾਰਜਾਂ ਲਈ ਮੁਫ਼ਤ ਸਹੂਲਤ ਮਿਲ ਸਕੇਗੀ। ਪਿੰਡਾਂ ਦੇ ਆਮ ਅਤੇ ਮੱਧਵਰਗੀ ਪਰਿਵਾਰਾਂ ਲਈ ਇਹ ਸਹੂਲਤ ਵੱਡੀ ਆਰਥਿਕ ਰਾਹਤ ਸਾਬਤ ਹੋ ਸਕਦੀ ਹੈ। ਇਸ ਤਰ੍ਹਾਂ ਇਹ ਇਮਾਰਤ ਇੱਕ ਪਾਸੇ ਸ੍ਰੀ ਗਿਆਨ ਚੰਦ ਜੀ ਦੀ ਯਾਦਗਾਰ ਹੋਵੇਗੀ ਅਤੇ ਦੂਜੇ ਪਾਸੇ ਲੋਕ-ਸੇਵਾ ਦਾ ਕੇਂਦਰ ਵੀ।

### ਯਾਦਗਾਰ ਨਾਲ ਜੁੜੀ ਇੱਕ ਭਾਵੁਕ ਕਹਾਣੀ

ਇਸ ਯਾਦਗਾਰ ਨਾਲ ਇੱਕ ਹੋਰ ਬੇਹੱਦ ਭਾਵੁਕ ਪੱਖ ਜੁੜਿਆ ਹੋਇਆ ਹੈ।

ਜਿਸ ਦਿਨ ਇਸ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ, ਉਸ ਸਮੇਂ ਸ੍ਰੀ ਗਿਆਨ ਚੰਦ ਜੀ ਦੇ ਸਪੁੱਤਰ, ਸੇਵਾ-ਮੁਕਤ ਬੈਂਕ ਮੈਨੇਜਰ ਅਤੇ ਪ੍ਰਸਿੱਧ ਸਾਹਿਤਕਾਰ "ਬਿਸ਼ਨ ਦਾਸ" ਵਿਦੇਸ਼ ਵਿੱਚ ਸਨ। ਵਾਪਸ ਆਪਣੇ ਪਠਾਨਕੋਟ ਸਥਿਤ ਘਰ ਪਹੁੰਚਣ 'ਤੇ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਪਿੰਡ ਕੁੰਡੇ ਫਿਰੋਜ਼ਪੁਰ ਵਿਖੇ ਉਨ੍ਹਾਂ ਦੇ ਪਿਤਾ ਦੀ ਯਾਦ ਵਿੱਚ ਬਣ ਰਹੀ ਇਮਾਰਤ ਦੀਆਂ ਕੰਧਾਂ ਛੱਤ ਦੇ ਲੈਵਲ ਤੱਕ ਪਹੁੰਚ ਚੁੱਕੀਆਂ ਹਨ ਤਾਂ ਉਨ੍ਹਾਂ ਦੇ ਮਨ ਵਿੱਚ ਇਸ ਯਾਦਗਾਰ ਨੂੰ ਦੇਖਣ ਦੀ ਸੁਭਾਵਿਕ ਇੱਛਾ ਜਾਗੀ।

ਪਿੰਡ ਦੇ ਸਰਪੰਚ ਸ੍ਰੀ ਸੁਰੇਸ਼ ਕੁਮਾਰ, ਸਪੁੱਤਰ ਸ੍ਰੀ ਹਜ਼ਾਰਾਂ ਰਾਮ, ਨੇ ਬੜੇ ਸਤਿਕਾਰ ਨਾਲ ਉਨ੍ਹਾਂ ਨੂੰ ਇਮਾਰਤ ਦੇ ਦਰਸ਼ਨ ਕਰਨ ਲਈ ਸੱਦਾ ਦਿੱਤਾ।

ਪਰ ਬਿਸ਼ਨ ਦਾਸ ਹੁਰਾਂ ਨੇ ਬੜੀ ਨਿਮਰਤਾ ਨਾਲ ਕਿਹਾ "ਮੈਂ ਯਾਦਗਾਰ ਦੇ ਦਰਸ਼ਨ ਜ਼ਰੂਰ ਕਰਾਂਗਾ, ਪਰ ਉਸ ਤੋਂ ਪਹਿਲਾਂ ਉਸ ਸੁਹਿਰਦ ਇਨਸਾਨ ਦਾ ਧੰਨਵਾਦ ਕਰਨਾ ਮੇਰੇ ਲਈ ਜ਼ਰੂਰੀ ਹੈ, ਜਿਸ ਨੇ ਮੇਰੇ ਪਿਤਾ ਦੀ ਯਾਦ ਨੂੰ ਸੰਭਾਲਣ ਦਾ ਸੁਪਨਾ ਦੇਖਿਆ ਅਤੇ ਉਸ ਨੂੰ ਹਕੀਕਤ ਵਿੱਚ ਬਦਲ ਦਿੱਤਾ।"

ਉਨ੍ਹਾਂ ਦੇ ਸ਼ਬਦ ਸਨ"ਮੇਰਾ ਚਰਿੱਤਰ ਮੈਨੂੰ ਉਸ ਇਨਸਾਨ ਦਾ ਧੰਨਵਾਦ ਕੀਤੇ ਬਿਨਾਂ ਯਾਦਗਾਰ ਦੇ ਦਰਸ਼ਨ ਕਰਨ ਦੀ ਇਜਾਜ਼ਤ ਨਹੀਂ ਦਿੰਦਾ।"

ਇਹ ਸਿਰਫ਼ ਇੱਕ ਵਾਕ ਨਹੀਂ ਸੀ। ਇਹ ਇੱਕ ਸਾਹਿਤਕਾਰ ਪੁੱਤਰ ਵੱਲੋਂ ਆਪਣੇ ਪਿਤਾ ਦੀ ਯਾਦ ਨੂੰ ਮਿਲੇ ਸਨਮਾਨ ਪ੍ਰਤੀ ਪ੍ਰਗਟ ਕੀਤੀ ਗਈ ਡੂੰਘੀ ਸ਼ੁਕਰਗੁਜ਼ਾਰੀ ਸੀ

### ਨਾ ਕੋਈ ਮੰਗ, ਨਾ ਕੋਈ ਸਿਫ਼ਾਰਸ਼ ਸਿਰਫ਼ ਧੰਨਵਾਦ

ਢੁਕਵਾਂ ਸਮਾਂ ਮਿਲਣ 'ਤੇ ਜਨਾਬ ਬਿਸ਼ਨ ਦਾਸ ਆਖ਼ਰਕਾਰ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂ ਚੱਕ ਦਾ ਧੰਨਵਾਦ ਕਰਨ ਲਈ ਉਨ੍ਹਾਂ ਦੇ ਪਿੰਡ ਕਟਾਰੂ ਚੱਕ ਪਹੁੰਚੇ। ਉੱਥੇ ਲੋਕਾਂ ਦੀ ਭਾਰੀ ਭੀੜ ਸੀ। ਮੰਤਰੀ ਸਾਹਿਬ ਨੂੰ ਕਿਸੇ ਹੋਰ ਕੰਮ ਲਈ ਬਾਹਰ ਜਾਣਾ ਸੀ। ਉਨ੍ਹਾਂ ਦੇ ਨਿਵਾਸ ਸਥਾਨ ਤੋਂ ਬਾਹਰ ਨਿਕਲਦਿਆਂ ਹੀ ਲੋਕਾਂ ਵਿੱਚ ਮਿਲਣ-ਜੁਲਣ ਦੀ ਦੌੜ-ਭੱਜ ਸ਼ੁਰੂ ਹੋ ਗਈ। ਇਸ ਭੀੜ ਵਿੱਚ ਇੱਕ ਵਿਅਕਤੀ ਅਜਿਹਾ ਵੀ ਸੀ, ਜੋ ਨਾ ਕੋਈ ਮੰਗ ਲੈ ਕੇ ਆਇਆ ਸੀ, ਨਾ ਕੋਈ ਸਿਫ਼ਾਰਸ਼ ਅਤੇ ਨਾ ਹੀ ਆਪਣਾ ਕੋਈ ਨਿੱਜੀ ਕੰਮ ਕਰਵਾਉਣ ਲਈ। ਉਹ ਸਿਰਫ਼ ਧੰਨਵਾਦ ਕਰਨ ਆਇਆ ਸੀ। ਉਹ ਸਨ ਸਾਹਿਤਕਾਰ "ਬਿਸ਼ਨ ਦਾਸ" ।

ਜਿਵੇਂ ਹੀ ਉਹ ਮੰਤਰੀ ਸਾਹਿਬ ਦੇ ਸਾਹਮਣੇ ਹੋਏ, ਉਨ੍ਹਾਂ ਨੂੰ ਵੇਖਦਿਆਂ ਹੀ ਸ੍ਰੀ ਲਾਲ ਚੰਦ ਕਟਾਰੂ ਚੱਕ ਦਾ ਚਿਹਰਾ ਖਿੜ ਉੱਠਿਆ। ਇਸ ਮੁਲਾਕਾਤ ਨੇ ਜਿਵੇਂ ਭੀੜ ਦੇ ਵਿਚਕਾਰ ਇੱਕ ਪਲ ਲਈ ਸਮੇਂ ਨੂੰ ਠਹਿਰਾ ਦਿੱਤਾ। ਮੰਤਰੀ ਸਾਹਿਬ ਨੇ ਉੱਥੇ ਇਕੱਠੇ ਲੋਕਾਂ ਨੂੰ ਸ੍ਰੀ ਗਿਆਨ ਚੰਦ ਜੀ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ।

ਉਨ੍ਹਾਂ ਦੱਸਿਆ ਕਿ ਸ੍ਰੀ ਗਿਆਨ ਚੰਦ ਜੀ ਇੱਕ ਸਧਾਰਨ ਮਜ਼ਦੂਰ ਸਨ, ਜੋ ਚੱਕੀ ਦਰਿਆ ਦੇ ਕੰਢੇ ਪੱਥਰ ਤੋੜ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦੇ ਰਹੇ। ਹੱਥਾਂ ਵਿੱਚ ਮਿਹਨਤ ਦੀ ਕਠੋਰਤਾ ਸੀ, ਪਰ ਹਿਰਦੇ ਵਿੱਚ ਕਵਿਤਾ ਦੀ ਕੋਮਲਤਾ।

ਕੁਦਰਤ ਨੇ ਉਨ੍ਹਾਂ ਨੂੰ ਇੱਕ ਅਜਿਹਾ ਅਨਮੋਲ ਵਰਦਾਨ ਦਿੱਤਾ ਸੀ, ਜਿਸ ਨੇ ਉਨ੍ਹਾਂ ਨੂੰ ਮਜ਼ਦੂਰ ਹੋਣ ਦੇ ਬਾਵਜੂਦ ਲੋਕ-ਮਨ ਦਾ ਕਵੀ ਬਣਾ ਦਿੱਤਾ।

ਉਹ ਕੰਠ ਕਵੀ ਸਨ ਅਜਿਹੇ ਕਵੀ, ਜਿਨ੍ਹਾਂ ਦੀਆਂ ਰਚਨਾਵਾਂ ਕਾਗਜ਼ਾਂ ਦੀਆਂ ਕੈਦੀਆਂ ਨਹੀਂ ਸਨ, ਸਗੋਂ ਲੋਕਾਂ ਦੀ ਜ਼ੁਬਾਨ 'ਤੇ ਵੱਸਦੀਆਂ ਸਨ। ਸਾਹਿਤ ਪ੍ਰਤੀ ਸਤਿਕਾਰ ਦੀ ਅਨੋਖੀ ਮਿਸਾਲ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂ ਚੱਕ ਨੇ ਖੁਦ ਦੱਸਿਆ ਕਿ ਉਨ੍ਹਾਂ ਨੇ ਸਵਰਗੀ ਸ੍ਰੀ ਗਿਆਨ ਚੰਦ ਜੀ ਦੀਆਂ ਸਾਹਿਤਕ ਰਚਨਾਵਾਂ ਪੜ੍ਹੀਆਂ ਹੋਈਆਂ ਹਨ।

ਇੱਕ ਮੰਤਰੀ ਵੱਲੋਂ ਕਿਸੇ ਪਿੰਡ ਦੇ ਮਜ਼ਦੂਰ ਕਵੀ ਦੀਆਂ ਰਚਨਾਵਾਂ ਪੜ੍ਹਨਾ ਆਪਣੇ ਆਪ ਵਿੱਚ ਸਧਾਰਨ ਗੱਲ ਨਹੀਂ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਉਹ ਅੱਜ ਵੀ ਜਦੋਂ ਪਿੰਡ ਆਉਂਦੇ ਹਨ ਤਾਂ ਸ੍ਰੀ ਗਿਆਨ ਚੰਦ ਜੀ ਦਾ ਜ਼ਿਕਰ ਕੀਤੇ ਬਿਨਾਂ ਵਾਪਸ ਨਹੀਂ ਜਾਂਦੇ। ਇਹ ਰਿਸ਼ਤਾ ਸਿਰਫ਼ ਜਾਣ-ਪਛਾਣ ਦਾ ਨਹੀਂ, ਸਗੋਂ ਸਾਹਿਤ ਦੀ ਉਸ ਅਦਿੱਖ ਡੋਰ ਦਾ ਹੈ, ਜੋ ਇੱਕ ਕਲਮ ਨੂੰ ਦੂਜੇ ਦਿਲ ਨਾਲ ਜੋੜ ਦਿੰਦੀ ਹੈ।

ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂ ਚੱਕ ਨੇ ਸ੍ਰੀ ਗਿਆਨ ਚੰਦ ਜੀ ਦੀ ਇੱਕ ਅਦੁੱਤੀ ਰਚਨਾ ਖੁਦ ਮੂੰਹ-ਜ਼ਬਾਨੀ ਸੁਣਾ ਕੇ ਹਾਜ਼ਰ ਇਕੱਠ ਨੂੰ ਹੈਰਾਨ ਕਰ ਦਿੱਤਾ ਜਿਸ ਦੇ ਬੋਲ ਸਨ ,

ਕਾਫ਼ ਕੀ ਗ਼ਰੀਬੀ ਦਾ ਹਾਲ ਦੱਸਾਂ
ਕੰਮ ਵੱਟੇ ਤੜਾਈ ਦਾ ਕਰੀਦਾ ਈ,
ਸੁਬਹ ਉੱਠ ਕੇ ਜਦੋਂ ਵਦਾਣ ਫੜਦਾ
ਢੇਮਾਂ ਵਾਂਗ ਪੱਥਰ ਨੂੰ ਦਲੀਦਾ ਈ,
ਸੱਟ ਨਾਲ ਤਕਦੀਰ ਦੇ ਲੱਗ ਜਾਂਦੀ
ਵੱਟਾ ਪੀਹ ਕੇ ਜ਼ਖ਼ਮ ਨੂੰ ਭਰੀਦਾ ਈ,
ਦਿਨੇ ਘੋਲ ਕਰਦਾ ਨਾਲ ਵੱਟਿਆਂ ਦੇ
ਰਾਤੀਂ "ਚੱਕੀ" 'ਚ ਗੱਡੀਆਂ ਭਰੀਦਾ ਈ,
ਦਿਨੇ ਧੁੱਪ ਪੈਂਦੀ ਸਾਰੀ ਸਿਰ ਉੱਤੇ
ਆਟੇ ਵਾਸਤੇ ਸ਼ਾਮ ਨੂੰ ਲੜੀਦਾ ਈ,
ਰੋਟੀ ਕਣਕ ਦੀ ਵਿੱਚ ਨਸੀਬ ਹੈ ਨਈਂ
ਰੋਟੀ ਲੂਣ ਦੇ ਨਾਲ ਜੇ ਮਿਲ ਜਾਂਦੀ
ਸ਼ੁਕਰ ਦੋਏ ਵੇਲੇ ਓਸਦਾ ਕਰੀਦਾ ਈ,
"ਗਿਆਨ ਚੰਦ" ਨਈਂ ਰੱਜਦਾ ਪੇਟ ਪਾਪੀ
ਜਿਦੇ ਵਾਸਤੇ ਤੜਪਕੇ ਮਰੀਦਾ ਈ ॥

ਇਹ ਕਵਿਤਾ ਸੁਣ ਕੇ ਹਾਜ਼ਰੀਨ ਮੰਤਰ-ਮੁਗਧ ਹੋ ਗਏ। ਇੱਕ ਪਾਸੇ ਲੋਕ ਉਸ ਮਜ਼ਦੂਰ ਕਵੀ ਦੀ ਪ੍ਰਤਿਭਾ ਨੂੰ ਨਮਨ ਕਰ ਰਹੇ ਸਨ ਅਤੇ ਦੂਜੇ ਪਾਸੇ ਉਸ ਸਿਆਸਤਦਾਨ ਦੀ ਪਾਰਖੂ ਨਜ਼ਰ ਦੀ ਪ੍ਰਸ਼ੰਸਾ ਕਰ ਰਹੇ ਸਨ, ਜਿਸ ਨੇ ਸਾਲਾਂ ਪਹਿਲਾਂ ਇੱਕ ਸਧਾਰਨ ਮਜ਼ਦੂਰ ਦੇ ਅੰਦਰ ਲੁਕੇ ਮਹਾਨ ਕਵੀ ਨੂੰ ਪਛਾਣ ਲਿਆ ਸੀ।

ਅਸਲ ਵਿੱਚ ਵੱਡਾਪਣ ਸਿਰਫ਼ ਇਹ ਨਹੀਂ ਕਿ ਕੋਈ ਵੱਡਾ ਅਹੁਦਾ ਹਾਸਲ ਕਰ ਲਿਆ ਜਾਵੇ। ਅਸਲ ਵੱਡਾਪਣ ਤਾਂ ਇਹ ਹੈ ਕਿ ਮਿੱਟੀ ਨਾਲ ਜੁੜੇ ਕਿਸੇ ਅਣਗੌਲੇ ਹੀਰੇ ਨੂੰ ਪਛਾਣਿਆ ਜਾਵੇ, ਉਸ ਦੀ ਕਦਰ ਕੀਤੀ ਜਾਵੇ ਅਤੇ ਉਸ ਦੀ ਯਾਦ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲਿਆ ਜਾਵੇ।

ਸ੍ਰੀ ਲਾਲ ਚੰਦ ਕਟਾਰੂ ਚੱਕ ਵੱਲੋਂ ਸ੍ਰੀ ਗਿਆਨ ਚੰਦ ਜੀ ਦੀ ਯਾਦ ਵਿੱਚ ਬਣਾਇਆ ਜਾ ਰਿਹਾ ਗ੍ਰਾਮੀਣ ਮਿੰਨੀ ਪੈਲੇਸ ਇਸੇ ਸੋਚ ਦੀ ਇੱਕ ਠੋਸ ਨਿਸ਼ਾਨੀ ਬਣੇਗਾ।

### ਪਿਤਾ ਦੀਆਂ ਯਾਦਾਂ ਤੋਂ ਜਨਮੀਆਂ ਗਿਆਰਾਂ ਸਾਲਾਂ ਦੀਆਂ ਸਾਹਿਤਕ ਰਚਨਾਵਾਂ

ਸ੍ਰੀ ਗਿਆਨ ਚੰਦ ਜੀ ਦੇ ਸਪੁੱਤਰ ਜਨਾਬ ਬਿਸ਼ਨ ਦਾਸ ਆਪਣੇ ਪਿਤਾ ਦੀ ਗੁੜਤੀ ਨਾਲ ਖੁਦ ਵੀ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਰੱਖਦੇ ਹਨ।

ਸੇਵਾ-ਮੁਕਤ ਬੈਂਕ ਮੈਨੇਜਰ ਹੋਣ ਦੇ ਬਾਵਜੂਦ ਉਨ੍ਹਾਂ ਨੇ ਸਾਹਿਤ ਨੂੰ ਕਦੇ ਆਪਣੇ ਜੀਵਨ ਤੋਂ ਦੂਰ ਨਹੀਂ ਹੋਣ ਦਿੱਤਾ। ਨੌਕਰੀ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਵੀ ਉਨ੍ਹਾਂ ਦੀ ਕਲਮ ਚਲਦੀ ਰਹੀ ਅਤੇ ਸੇਵਾ-ਮੁਕਤੀ ਤੋਂ ਬਾਅਦ ਤਾਂ ਉਨ੍ਹਾਂ ਦਾ ਸਾਹਿਤਕ ਸਫ਼ਰ ਹੋਰ ਵੀ ਨਿਰੰਤਰਤਾ ਅਤੇ ਨਵੀਂ ਊਰਜਾ ਨਾਲ ਅੱਗੇ ਵਧਿਆ।

ਉਨ੍ਹਾਂ ਦੀਆਂ ਰਚਨਾਵਾਂ ਅਖ਼ਬਾਰਾਂ, ਸਾਹਿਤਕ ਮੈਗਜ਼ੀਨਾਂ ਅਤੇ ਵੱਖ-ਵੱਖ ਸਾਹਿਤਕ ਮੰਚਾਂ ਰਾਹੀਂ ਪਾਠਕਾਂ ਤੱਕ ਪਹੁੰਚਦੀਆਂ ਹਨ। ਰੇਡੀਓ ਅਤੇ ਦੂਰਦਰਸ਼ਨ ਦੇ ਪ੍ਰੋਗਰਾਮਾਂ ਰਾਹੀਂ ਵੀ ਉਨ੍ਹਾਂ ਨੇ ਆਪਣੀ ਸਾਹਿਤਕ ਸੋਚ, ਕਾਵਿ-ਸੰਵੇਦਨਾ ਅਤੇ ਰਚਨਾਤਮਕ ਪ੍ਰਤਿਭਾ ਨੂੰ ਸਰੋਤਿਆਂ ਅਤੇ ਦਰਸ਼ਕਾਂ ਤੱਕ ਪਹੁੰਚਾਇਆ ਹੈ।

ਉਨ੍ਹਾਂ ਦੀ ਲੇਖਣੀ ਦੀ ਖ਼ਾਸੀਅਤ ਇਹ ਹੈ ਕਿ ਉਹ ਸਿਰਫ਼ ਸ਼ਬਦਾਂ ਨੂੰ ਕਾਗਜ਼ 'ਤੇ ਉਤਾਰਨ ਤੱਕ ਸੀਮਤ ਨਹੀਂ ਰਹਿੰਦੇ। ਉਹ ਆਪਣੇ ਆਲੇ-ਦੁਆਲੇ ਦੇ ਸਮਾਜ, ਮਨੁੱਖੀ ਰਿਸ਼ਤਿਆਂ, ਜੀਵਨ ਦੀਆਂ ਹਕੀਕਤਾਂ ਅਤੇ ਪੰਜਾਬੀ ਸਭਿਆਚਾਰ ਨੂੰ ਆਪਣੀ ਰਚਨਾ ਦਾ ਹਿੱਸਾ ਬਣਾ ਕੇ ਪਾਠਕ ਦੇ ਮਨ ਨਾਲ ਸਿੱਧਾ ਸੰਵਾਦ ਰਚਦੇ ਹਨ।

ਇਸ ਸਾਹਿਤਕ ਯਾਤਰਾ ਦਾ ਇੱਕ ਬੇਹੱਦ ਭਾਵਪੂਰਤ ਅਧਿਆਇ ਉਨ੍ਹਾਂ ਦੇ ਪਿਤਾ ਸ੍ਰੀ ਗਿਆਨ ਚੰਦ ਜੀ ਦੀਆਂ ਯਾਦਾਂ ਨਾਲ ਜੁੜਿਆ ਹੋਇਆ ਹੈ।

ਬਿਸ਼ਨ ਦਾਸ 'ਬਿਸ਼ਨ' ਅਨੁਸਾਰ, ਆਪਣੇ ਪਿਤਾ ਜੀ ਦੇ ਮੂੰਹੋਂ ਸੁਣੀਆਂ ਯਾਦਾਂ, ਗੱਲਾਂ ਅਤੇ ਜੀਵਨ-ਅਨੁਭਵਾਂ ਨੂੰ ਆਧਾਰ ਬਣਾ ਕੇ ਉਨ੍ਹਾਂ ਵੱਲੋਂ ਰਚੀਆਂ ਸਾਹਿਤਕ ਲਿਖਤਾਂ ਪੰਜਾਬੀ ਦੇ ਇੱਕ ਪ੍ਰਸਿੱਧ ਮੈਗਜ਼ੀਨ ਵਿੱਚ ਲਗਾਤਾਰ ਗਿਆਰਾਂ ਸਾਲ ਤੱਕ ਲੜੀਵਾਰ ਛਪਦੀਆਂ ਰਹੀਆਂ। ਇਹ ਰਚਨਾਵਾਂ ਸਿਰਫ਼ ਲਿਖਤਾਂ ਨਹੀਂ ਸਨ। ਇਹ ਇੱਕ ਪੁੱਤਰ ਵੱਲੋਂ ਆਪਣੇ ਪਿਤਾ ਦੀਆਂ ਯਾਦਾਂ, ਜੀਵਨ-ਸੰਘਰਸ਼ ਅਤੇ ਤਜਰਬਿਆਂ ਨੂੰ ਅੱਖਰਾਂ ਵਿੱਚ ਅਮਰ ਕਰਨ ਦਾ ਭਾਵਪੂਰਤ ਉਪਰਾਲਾ ਸਨ।

ਇਸ ਤਰ੍ਹਾਂ ਇੱਕ ਪੀੜ੍ਹੀ ਦੀਆਂ ਯਾਦਾਂ ਦੂਜੀ ਪੀੜ੍ਹੀ ਦੀ ਕਲਮ ਰਾਹੀਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚ ਰਹੀਆਂ ਹਨ।

### ਖ਼ਾਬ, ਕਵੀ, ਪੁੱਤਰ ਅਤੇ ਲੋਕ-ਸੇਵਾ—ਇੱਕੋ ਕਹਾਣੀ ਦੇ ਚਾਰ ਰੰਗ

ਕੁੰਡਾ ਫਿਰੋਜ਼ਪੁਰ ਦੀ ਧਰਤੀ 'ਤੇ ਬਣ ਰਹੀ ਇਹ ਯਾਦਗਾਰ ਕਈ ਭਾਵਨਾਵਾਂ ਨੂੰ ਆਪਣੇ ਅੰਦਰ ਸਮੋ ਰਹੀ ਹੈ। ਇੱਕ ਪਾਸੇ ਮਜ਼ਦੂਰ ਦੇ ਹੱਥਾਂ ਦੀ ਮਿਹਨਤ ਹੈ।

ਦੂਜੇ ਪਾਸੇ ਕੰਠ ਕਵੀ ਦੀ ਕਵਿਤਾ ਹੈ। ਤੀਜੇ ਪਾਸੇ ਇੱਕ ਪੁੱਤਰ ਦੀ ਆਪਣੇ ਪਿਤਾ ਪ੍ਰਤੀ ਅਟੁੱਟ ਕ੍ਰਿਤਜਤਾ ਹੈ ਅਤੇ ਚੌਥੇ ਪਾਸੇ ਇੱਕ ਅਜਿਹਾ ਮੰਤਰੀ ਹੈ, ਜਿਸ ਨੇ ਅਹੁਦੇ ਦੀਆਂ ਹੱਦਾਂ ਤੋਂ ਉੱਪਰ ਉੱਠ ਕੇ ਇੱਕ ਅਣਗੌਲੇ ਕਵੀ ਦੀ ਪ੍ਰਤਿਭਾ ਨੂੰ ਪਛਾਣਿਆ, ਉਸ ਦੀਆਂ ਰਚਨਾਵਾਂ ਪੜ੍ਹੀਆਂ, ਉਸ ਦੀ ਕਵਿਤਾਵਾਂ ਨੂੰ ਯਾਦ ਰੱਖਿਆ ਅਤੇ ਉਸ ਦੀ ਯਾਦ ਨੂੰ ਪੱਥਰਾਂ ਦੀ ਇਮਾਰਤ ਵਿੱਚ ਨਹੀਂ, ਸਗੋਂ ਲੋਕਾਂ ਦੀਆਂ ਯਾਦਾਂ ਵਿੱਚ ਜਿਉਂਦਾ ਰੱਖਣ ਦਾ ਉਪਰਾਲਾ ਕੀਤਾ।

ਇਹੀ ਕਾਰਨ ਹੈ ਕਿ ਇਹ ਕਹਾਣੀ ਸਿਰਫ਼ ਇੱਕ ਮੰਤਰੀ ਵੱਲੋਂ ਕੀਤਾ ਗਿਆ ਐਲਾਨ ਪੂਰਾ ਕਰਨ ਦੀ ਕਹਾਣੀ ਨਹੀਂ ਰਹਿ ਜਾਂਦੀ। ਇਹ ਇੱਕ ਖ਼ਾਬ, ਇੱਕ ਕਵੀ, ਇੱਕ ਪੁੱਤਰ ਦੀ ਧੰਨਵਾਦ ਦੀ ਭਾਵਨਾ ਅਤੇ ਲੋਕ-ਸੇਵਾ ਦੀ ਸੋਚ ਦੇ ਮਿਲਾਪ ਦੀ ਕਹਾਣੀ ਬਣ ਜਾਂਦੀ ਹੈ।

ਕਈ ਖ਼ਾਬ ਅੱਖਾਂ ਵਿੱਚ ਹੀ ਦਮ ਤੋੜ ਜਾਂਦੇ ਹਨ। ਕੁਝ ਖ਼ਾਬ ਸਮੇਂ ਦੀ ਧੂੜ ਹੇਠ ਦੱਬ ਜਾਂਦੇ ਹਨ। ਪਰ ਕੁਝ ਖ਼ਾਬ ਅਜਿਹੇ ਹੁੰਦੇ ਹਨ, ਜੋ ਸਾਲਾਂ ਬਾਅਦ ਵੀ ਦਿਲ ਵਿੱਚ ਜਿਉਂਦੇ ਰਹਿੰਦੇ ਹਨ। ਸਹੀ ਸਮਾਂ ਆਉਣ 'ਤੇ ਉਹ ਇੱਟਾਂ, ਪੱਥਰਾਂ ਅਤੇ ਕੰਧਾਂ ਦਾ ਰੂਪ ਧਾਰ ਲੈਂਦੇ ਹਨ ਅਤੇ ਫਿਰ ਇਤਿਹਾਸ ਦਾ ਹਿੱਸਾ ਬਣ ਜਾਂਦੇ ਹਨ।

ਕੁੰਡਾ ਫਿਰੋਜ਼ਪੁਰ ਦੀ ਧਰਤੀ 'ਤੇ ਬਣ ਰਹੀ ਇਹ ਯਾਦਗਾਰ ਸ਼ਾਇਦ ਅਜਿਹੇ ਹੀ ਇੱਕ ਖ਼ਾਬ ਦੀ ਤਸਵੀਰ ਹੈ, ਜਿੱਥੇ ਇੱਕ ਮਜ਼ਦੂਰ ਦੀ ਮਿਹਨਤ, ਇੱਕ ਕੰਠ ਕਵੀ ਦੀ ਕਲਮ, ਇੱਕ ਪੁੱਤਰ ਦੀ ਸ਼ੁਕਰਗੁਜ਼ਾਰੀ ਅਤੇ ਇੱਕ ਸੁਹਿਰਦ ਮੰਤਰੀ ਦੀ ਪਾਰਖੂ ਨਜ਼ਰ ਇਕੱਠੇ ਹੋ ਕੇ ਆਉਣ ਵਾਲੀਆਂ ਪੀੜ੍ਹੀਆਂ ਨਾਲ ਗੱਲ ਕਰਨਗੇ।

ਕਿਉਂਕਿ ਅਹੁਦੇ ਸਮੇਂ ਨਾਲ ਖ਼ਤਮ ਹੋ ਜਾਂਦੇ ਹਨ, ਪਰ ਕਿਸੇ ਅਣਗੌਲੇ ਇਨਸਾਨ ਦੀ ਕਦਰ ਕਰਕੇ ਉਸ ਦੀ ਯਾਦ ਨੂੰ ਅਮਰ ਕਰ ਦੇਣ ਵਾਲੀ ਸੋਚ—ਸਮੇਂ ਤੋਂ ਵੀ ਲੰਮੀ ਉਮਰ ਜੀਉਂਦੀ ਹੈ।

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

## ਡਤਾਈਵਰ ਵੀ ਜਿੰਦਗੀ ਦੇ 2 ਸਭ ਤੋਂ ਵੱਡੇ ਦੁਸ਼ਮਣ ਕੌਣ?
## ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ
**Traki** ਨਾਲ.

INVOICE

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.

# ਨੇਪਾਲ 'ਚ ਮਰਨ ਵਾਲਿਆਂ ਦੀ ਗਿਣਤੀ 1340 ਤੋਂ ਪਾਰ: 4,886 ਲੋਕ ਲੋਕ ਅਜੇ ਵੀ ਲਾਪਤਾ

ਕਾਠਮੰਡੂ
ਸਾਂਝੀ ਸੋਚ ਬਿਊਰੋ

ਨੇਪਾਲ ਵਿੱਚ ਪਿਛਲੇ ਹਫ਼ਤੇ ਆਏ ਭਿਆਨਕ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 1,300 ਨੂੰ ਪਾਰ ਕਰ ਗਈ ਹੈ, ਕਿਉਂਕਿ ਵੱਖ-ਵੱਖ ਜ਼ਿਲ੍ਹਿਆਂ ਵਿੱਚ ਲਾਸ਼ਾਂ ਦੇ ਢੇਰ ਲੱਗਦੇ ਰਹਿੰਦੇ ਹਨ।
ਨੇਪਾਲ ਪੁਲਿਸ ਦੁਆਰਾ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ, ਸ਼ਨੀਵਾਰ ਸਵੇਰੇ 8 ਵਜੇ ਤੱਕ ਭੋਟੇ ਕੋਸ਼ੀ ਨਦੀ ਵਿੱਚ ਵਹਿ ਕੇ ਆਈਆਂ 1,344 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਮੌਤਾਂ ਦੀ ਗਿਣਤੀ ਹੋਰ ਵੱਧ ਸਕਦੀ ਹੈ, ਕਿਉਂਕਿ ਇਸ ਤੋਂ ਪਹਿਲਾਂ ਆਏ ਹੜ੍ਹਾਂ ਤੋਂ ਬਾਅਦ 606 ਵਿਦੇਸ਼ੀ ਸਮੇਤ 4,886 ਲੋਕ ਸੰਪਰਕ ਤੋਂ ਬਾਹਰ ਹਨ, ਜਿਸ ਕਾਰਨ ਮੱਧ ਨੇਪਾਲ ਵਿੱਚ ਭੋਟੇ ਕੋਸ਼ੀ ਅਤੇ ਤ੍ਰਿਸ਼ੂਲੀ ਨਦੀ ਦੇ ਕੋਰੀਡੋਰ ਵਿੱਚ ਲੋਕਾਂ ਦੀ ਜਾਨ-ਮਾਲ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।
ਮੰਨਿਆ ਜਾ ਰਿਹਾ ਹੈ ਕਿ ਸੰਪਰਕ ਤੋਂ ਬਾਹਰ ਲੋਕਾਂ ਵਿੱਚੋਂ ਵੱਡੀ ਗਿਣਤੀ ਵਿੱਚ ਦੋ ਨਦੀ ਕੋਰੀਡੋਰਾਂ ਦੇ ਨਾਲ-ਨਾਲ 11 ਪਣ-ਬਿਜਲੀ ਪ੍ਰੋਜੈਕਟਾਂ ਦੀਆਂ ਸੁਰੰਗਾਂ ਵਿੱਚ ਫਸੇ ਹੋਏ ਹਨ ਕਿਉਂਕਿ ਬਚਾਅ ਕਾਰਜ ਜਾਰੀ ਹਨ। ਸ਼ੁੱਕਰਵਾਰ ਨੂੰ, ਰਸੁਵਾ ਜ਼ਿਲ੍ਹੇ



ਵਿੱਚ 60 ਮੈਗਾਵਾਟ ਦੇ ਅੱਪਰ ਤ੍ਰਿਸ਼ੂਲੀ 3ਏ ਪ੍ਰੋਜੈਕਟ ਦੀ ਸੁਰੰਗ ਵਿੱਚੋਂ ਦੋ ਲੋਕਾਂ ਨੂੰ ਜ਼ਿੰਦਾ ਬਚਾਇਆ ਗਿਆ। ਨੇਪਾਲੀ ਸਰਕਾਰ ਨੇ ਕਿਹਾ ਕਿ ਸੰਪਰਕ ਤੋਂ ਬਾਹਰ ਲੋਕਾਂ ਨੂੰ ਲੱਭਣ ਲਈ ਬਚਾਅ ਯਤਨ ਜਾਰੀ ਹਨ, ਜਦੋਂ ਕਿ ਅਧਿਕਾਰੀ ਲਾਸ਼ਾਂ ਦੀ ਰਿਕਵਰੀ, ਪਛਾਣ ਅਤੇ ਰਾਹਤ ਕਾਰਜਾਂ 'ਤੇ ਵੀ ਕੰਮ ਕਰ ਰਹੇ ਹਨ। ਸੁਰੱਖਿਆ ਏਜੰਸੀਆਂ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਖੋਜ ਅਤੇ ਬਚਾਅ ਕਾਰਜ ਤੇਜ਼ ਕਰ ਦਿੱਤੇ ਹਨ। ਹੁਣ ਤੱਕ, ਪੁਲਿਸ ਦਾ ਕਹਿਣਾ ਹੈ ਕਿ 8,962 ਲੋਕਾਂ ਨੂੰ ਬਚਾਇਆ ਗਿਆ ਹੈ, ਜਿਨ੍ਹਾਂ ਵਿੱਚ 1552 ਵਿਦੇਸ਼ੀ ਵੀ ਸ਼ਾਮਲ ਹਨ। ਅਧਿਕਾਰੀ ਬਰਾਮਦ ਲਾਸ਼ਾਂ ਦੀ ਪਛਾਣ ਕਰਨ ਲਈ ਵੀ ਯਤਨ ਤੇਜ਼ ਕਰ ਰਹੇ ਹਨ। ਪੁਲਿਸ ਦੇ ਅਨੁਸਾਰ, 1,260 ਮ੍ਰਿਤਕਾਂ ਅਤੇ ਮ੍ਰਿਤਕਾਂ ਦੇ 1,012 ਰਿਸ਼ਤੇਦਾਰਾਂ ਤੋਂ ਡੀਐਨਏ ਨਮੂਨੇ ਇਕੱਠੇ ਕੀਤੇ ਗਏ ਹਨ, ਜਿਸ ਨਾਲ ਇਕੱਠੇ ਕੀਤੇ ਗਏ ਨਮੂਨਿਆਂ ਦੀ ਕੁੱਲ ਗਿਣਤੀ 2,272 ਹੋ ਗਈ ਹੈ। ਨੇਪਾਲ ਪੁਲਿਸ ਨੇ ਖੋਜ, ਬਚਾਅ ਅਤੇ ਰਾਹਤ ਕਾਰਜਾਂ ਲਈ 7,912 ਕਰਮਚਾਰੀਆਂ ਨੂੰ ਤਾਇਨਾਤ ਕੀਤਾ ਹੈ। ਪੈਂਠ ਪੁਲਿਸ ਕਰਮਚਾਰੀ ਖੁਦ ਆਫ਼ਤ ਤੋਂ ਪ੍ਰਭਾਵਿਤ ਹੋਏ ਹਨ, ਜਦੋਂ ਕਿ 25 ਸੰਪਰਕ ਤੋਂ ਬਾਹਰ ਹਨ। ਹੜ੍ਹਾਂ ਨੇ ਭੋਟੇ ਕੋਸ਼ੀ ਅਤੇ ਤ੍ਰਿਸ਼ੂਲੀ ਨਦੀ ਪ੍ਰਣਾਲੀਆਂ ਦੇ ਨਾਲ-ਨਾਲ ਭੌਤਿਕ ਬੁਨਿਆਦੀ ਢਾਂਚੇ ਅਤੇ ਨਿੱਜੀ ਜਾਇਦਾਦ ਨੂੰ ਵੀ ਭਾਰੀ ਨੁਕਸਾਨ ਪਹੁੰਚਾਇਆ ਹੈ। ਨੇਪਾਲ ਨੇ ਬਚਾਅ ਅਤੇ ਰਾਹਤ ਦੇ ਪੜਾਅ ਪੂਰੇ ਹੋਣ ਤੋਂ ਬਾਅਦ ਪ੍ਰਭਾਵਿਤ ਖੇਤਰਾਂ ਦੀ ਬਹਾਲੀ ਪ੍ਰਕਿਰਿਆ ਲਈ ਅੰਤਰਰਾਸ਼ਟਰੀ ਸਹਾਇਤਾ ਦੀ ਮੰਗ ਕੀਤੀ ਹੈ।

# ਭਾਰਤ ਅਤੇ ਰੂਸ ਨੇ ਨਿਆਂਇਕ ਸਹਿਯੋਗ, ਅੰਤਰਰਾਸ਼ਟਰੀ ਤਾਲਮੇਲ ਨੂੰ ਮਜ਼ਬੂਤ ਕਰਨ 'ਤੇ ਕੀਤੀ ਚਰਚਾ

ਮਾਸਕੋ
ਸਾਂਝੀ ਸੋਚ ਬਿਊਰੋ

ਭਾਰਤ ਅਤੇ ਰੂਸ ਨੇ ਨਿਆਂਇਕ ਸਹਿਯੋਗ ਨੂੰ ਡੂੰਘਾ ਕਰਨ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਹੈ, ਦੋਵਾਂ ਧਿਰਾਂ ਨੇ ਵਿਸ਼ਵ ਪੱਧਰ 'ਤੇ ਵਧੇਰੇ ਤਾਲਮੇਲ ਅਤੇ ਪਹਿਲਾਂ ਹੋਏ ਦੁਵੱਲੇ ਸਮਝੌਤਿਆਂ ਨੂੰ ਮਜ਼ਬੂਤ ਕਰਨ ਲਈ ਫਾਲੋ-ਅੱਪ ਉਪਾਵਾਂ 'ਤੇ ਚਰਚਾ ਕੀਤੀ ਹੈ। ਸ਼ੁੱਕਰਵਾਰ ਨੂੰ ਨਵੀਂ ਦਿੱਲੀ ਵਿੱਚ ਬ੍ਰਿਕਸ ਚੀਫ਼ ਜਸਟਿਸ ਫੋਰਮ ਦੇ ਮੌਕੇ 'ਤੇ ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਉਨ੍ਹਾਂ ਦੇ ਰੂਸੀ ਹਮਰੁਤਬਾ ਇਗੋਰ ਕ੍ਰਾਸਨੋਵ ਵਿਚਕਾਰ ਗੱਲਬਾਤ ਹੋਈ। "4 ਸਤੰਬਰ ਨੂੰ, ਨਵੀਂ ਦਿੱਲੀ ਵਿੱਚ ਬ੍ਰਿਕਸ ਚੀਫ਼ ਜਸਟਿਸ ਫੋਰਮ ਦੇ ਮੌਕੇ 'ਤੇ ਰੂਸ ਅਤੇ ਭਾਰਤ ਦੀਆਂ ਸਭ ਤੋਂ ਉੱਚੀਆਂ ਨਿਆਂਇਕ ਸੰਸਥਾਵਾਂ ਦੇ ਮੁਖੀਆਂ ਇਗੋਰ ਕ੍ਰਾਸਨੋਵ ਅਤੇ ਸੂਰਿਆ ਕਾਂਤ ਵਿਚਕਾਰ ਇੱਕ ਮੀਟਿੰਗ ਹੋਈ। ਧਿਰਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਯਤਨਾਂ ਦੇ ਤਾਲਮੇਲ 'ਤੇ ਚਰਚਾ ਕੀਤੀ ਅਤੇ ਪਹਿਲਾਂ ਹੋਏ ਸਮਝੌਤਿਆਂ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਕੋਰਸ ਦੀ ਨਿਰੰਤਰਤਾ ਦੀ ਪੁਸ਼ਟੀ ਕੀਤੀ," ਭਾਰਤ ਵਿੱਚ ਰੂਸੀ ਦੂਤਾਵਾਸ ਨੇ ਟੈਲੀਗ੍ਰਾਮ 'ਤੇ ਇੱਕ ਪੋਸਟ ਵਿੱਚ ਲਿਖਿਆ।
ਕ੍ਰਾਸਨੋਵ ਨੇ ਜ਼ੋਰ ਦੇ ਕੇ ਕਿਹਾ ਕਿ ਵਿਸ਼ੇਸ਼ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਰਣਨੀਤਕ ਭਾਈਵਾਲੀ ਦੇ ਸਿਧਾਂਤਾਂ 'ਤੇ ਆਧਾਰਿਤ ਰੂਸੀ-ਭਾਰਤੀ ਸਹਿਯੋਗ ਨੂੰ ਡੂੰਘਾ ਕਰਨਾ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਕਾਰ "ਨਿੱਘੇ ਨਿੱਜੀ ਅਤੇ ਦੋਸਤਾਨਾ" ਸਬੰਧਾਂ ਦੁਆਰਾ



ਆਧਾਰਿਤ ਹੈ। "ਗੱਲਬਾਤ ਦੌਰਾਨ, ਪਹਿਲਾਂ ਦਸਤਖ਼ਤ ਕੀਤੇ ਗਏ ਸਮਝੌਤਾ ਪੱਤਰ ਦੀ ਬਹੁਤ ਪ੍ਰਸ਼ੰਸਾ ਕੀਤੀ ਗਈ। ਰੂਸੀ ਪੱਖ ਨੇ ਪਹਿਲਾਂ ਹੀ ਅਗਲੇ ਦੋ ਸਾਲਾਂ ਲਈ ਸਹਿਯੋਗ ਲਈ ਇੱਕ ਖਰੜਾ ਪ੍ਰੋਗਰਾਮ ਤਿਆਰ ਕਰਕੇ ਆਪਣੇ ਭਾਈਵਾਲਾਂ ਨੂੰ ਵਿਚਾਰ ਲਈ ਸੌਂਪ ਦਿੱਤਾ ਹੈ। ਦਸਤਾਵੇਜ਼ ਵਿੱਚ ਆਪਸੀ ਲਾਭਦਾਇਕ ਪਹਿਲਕਦਮੀਆਂ ਦੀ ਇੱਕ ਸੂਚੀ ਸ਼ਾਮਲ ਹੈ," ਰੂਸੀ ਦੂਤਾਵਾਸ ਨੇ ਕਿਹਾ। ਕ੍ਰਾਸਨੋਵ ਸ਼ੁੱਕਰਵਾਰ ਨੂੰ ਬ੍ਰਿਕਸ ਚੀਫ਼ ਜਸਟਿਸ ਫੋਰਮ ਵਿੱਚ ਹਿੱਸਾ ਲੈਣ ਅਤੇ ਕਾਨੂੰਨੀ ਸਹਿਯੋਗ ਨੂੰ ਮਜ਼ਬੂਤ ਕਰਨ 'ਤੇ ਬ੍ਰਿਕਸ ਮੈਂਬਰ ਦੇਸ਼ਾਂ ਦੇ ਆਪਣੇ ਹਮਰੁਤਬਾ ਨਾਲ ਦੁਵੱਲੀ ਮੀਟਿੰਗਾਂ ਕਰਨ ਲਈ ਨਵੀਂ ਦਿੱਲੀ ਪਹੁੰਚੇ। ਭਾਰਤ ਵਿੱਚ ਰੂਸੀ ਰਾਜਦੂਤ, ਡੇਨਿਸ ਅਲੀਪੋਵ, ਅਤੇ ਹੋਰ ਅਧਿਕਾਰੀਆਂ ਨੇ ਹਵਾਈ ਅੱਡੇ 'ਤੇ ਕ੍ਰਾਸਨੋਵ ਦਾ ਸਵਾਗਤ ਕੀਤਾ। "ਰੂਸ ਦੇ ਚੀਫ਼ ਜਸਟਿਸ ਇਗੋਰ ਕ੍ਰਾਸਨੋਵ ਬ੍ਰਿਕਸ ਚੀਫ਼ ਜਸਟਿਸ ਫੋਰਮ ਵਿੱਚ ਹਿੱਸਾ ਲੈਣ ਲਈ ਨਵੀਂ ਦਿੱਲੀ ਪਹੁੰਚੇ ਹਨ। ਆਪਣੀ ਫੇਰੀ ਦੌਰਾਨ, ਇਗੋਰ ਕ੍ਰਾਸਨੋਵ ਕਾਨੂੰਨੀ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਵਿਦੇਸ਼ੀ ਹਮਰੁਤਬਾ ਨਾਲ ਦੁਵੱਲੀ ਮੀਟਿੰਗਾਂ ਵੀ ਕਰਨਗੇ। ਕੇਂਦਰੀ ਸਮਾਗਮ ਨਿਆਂ ਵਿੱਚ ਨਕਲੀ ਬੁੱਧੀ ਦੀ ਵਰਤੋਂ 'ਤੇ ਚਰਚਾ ਹੋਵੇਗੀ," ਰੂਸੀ ਦੂਤਾਵਾਸ ਨੇ ਟੈਲੀਗ੍ਰਾਮ 'ਤੇ ਪੋਸਟ ਕੀਤਾ। ਭਾਰਤ ਦੀ ਸੁਪਰੀਮ ਕੋਰਟ ਨਵੀਂ ਦਿੱਲੀ ਵਿੱਚ ਭਾਰਤ ਵਿੱਚ ਬ੍ਰਿਕਸ ਚੀਫ਼ ਜਸਟਿਸ ਫੋਰਮ ਦੀ ਮੇਜ਼ਬਾਨੀ ਕਰ ਰਹੀ ਹੈ, ਜੋ ਕਿ 4 ਸਤੰਬਰ ਨੂੰ ਸ਼ੁਰੂ ਹੋਈ ਸੀ ਅਤੇ 6 ਸਤੰਬਰ ਨੂੰ ਸਮਾਪਤ ਹੋਵੇਗੀ। ਇਹ ਫੋਰਮ ਬ੍ਰਿਕਸ ਮੈਂਬਰ ਦੇਸ਼ਾਂ ਅਤੇ ਭਾਈਵਾਲ ਦੇਸ਼ਾਂ ਦੇ ਚੀਫ਼ ਜਸਟਿਸਾਂ, ਸੁਪਰੀਮ ਕੋਰਟਾਂ ਦੇ ਪ੍ਰਧਾਨਾਂ ਅਤੇ ਸੀਨੀਅਰ ਨਿਆਂਇਕ ਆਗੂਆਂ ਨੂੰ ਇਕੱਠਾ ਕਰਦਾ ਹੈ। ਪ੍ਰੋਗਰਾਮ ਦੌਰਾਨ, ਭਾਗ ਲੈਣ ਵਾਲੀਆਂ ਨਿਆਂਪਾਲਿਕਾ ਨਿਆਂ ਪ੍ਰਦਾਨ ਕਰਨ, ਅੰਤਰਰਾਸ਼ਟਰੀ ਵਿਵਾਦ ਹੱਲ, ਤਕਨਾਲੋਜੀ ਅਤੇ ਟਿਕਾਊ ਵਿਕਾਸ ਨਾਲ ਸਬੰਧਤ ਸਮਕਾਲੀ ਮੁੱਦਿਆਂ 'ਤੇ ਚਰਚਾ ਕਰਨਗੀਆਂ।

# ਭਾਜਪਾ ਸੰਸਦ ਮੈਂਬਰ ਰਾਘਵ ਚੱਢਾ ਨੇ ਉਜ਼ਬੇਕ ਸੈਨੇਟ ਚੇਅਰਪਰਸਨ ਨਾਲ ਕੀਤੀ ਮੁਲਾਕਾਤ: ਬ੍ਰਿਕਸ ਦਿੱਲੀ ਮੀਟਿੰਗ ਲਈ ਸੱਦਾ ਦਿੱਤਾ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਸ਼ਨੀਵਾਰ ਨੂੰ ਇੱਥੇ ਉਜ਼ਬੇਕਿਸਤਾਨ ਦੇ ਓਲੀ ਮਜਲਿਸ ਦੀ ਸੈਨੇਟ ਦੀ ਚੇਅਰਪਰਸਨ ਤੰਜ਼ੀਲਾ ਨਰਬਾਏਵਾ ਨਾਲ ਮੁਲਾਕਾਤ ਕੀਤੀ ਅਤੇ ਅਗਲੇ ਮਹੀਨੇ ਨਵੀਂ ਦਿੱਲੀ ਵਿੱਚ ਹੋਣ ਵਾਲੇ 12ਵੇਂ ਬ੍ਰਿਕਸ ਸੰਸਦੀ ਫੋਰਮ ਲਈ ਸੱਦਾ ਦਿੱਤਾ। "ਸਮਰਕੰਦ ਵਿੱਚ, ਮੈਨੂੰ ਉਜ਼ਬੇਕਿਸਤਾਨ ਦੇ ਓਲੀ ਮਜਲਿਸ ਦੀ ਸੈਨੇਟ ਦੀ ਚੇਅਰਪਰਸਨ ਤੰਜ਼ੀਲਾ ਨਰਬਾਏਵਾ ਨੂੰ ਮਿਲਣ ਦਾ ਮੌਕਾ ਮਿਲਿਆ, ਚੱਢਾ ਨੇ ਮੀਟਿੰਗ ਤੋਂ ਬਾਅਦ ਸੋਸ਼ਲ ਮੀਡੀਆ ਪਲੇਟਫਾਰਮ ਯ 'ਤੇ ਕਿਹਾ। ਨਰਬਾਏਵਾ ਕਥਿਤ ਤੌਰ 'ਤੇ ਉਜ਼ਬੇਕਿਸਤਾਨ ਦੀ ਸੈਨੇਟ ਦੀ ਪਹਿਲੀ ਮਹਿਲਾ ਚੇਅਰਪਰਸਨ ਹੈ।
ਇਸ ਤੋਂ ਪਹਿਲਾਂ, ਉਹ 2016 ਅਤੇ 2019 ਦੇ ਵਿਚਕਾਰ ਉਜ਼ਬੇਕਿਸਤਾਨ ਦੀ ਉਪ ਪ੍ਰਧਾਨ ਮੰਤਰੀ ਅਤੇ ਮਹਿਲਾ ਕਮੇਟੀ ਦੀ ਚੇਅਰਪਰਸਨ ਸੀ।
"ਉਨ੍ਹਾਂ ਨੂੰ 12ਵੇਂ ਬ੍ਰਿਕਸ ਸੰਸਦੀ ਫੋਰਮ ਲਈ ਨਿੱਜੀ ਤੌਰ 'ਤੇ ਸੱਦਾ ਦੇਣਾ ਖੁਸ਼ੀ ਦੀ ਗੱਲ ਸੀ, ਜੋ ਇਸ ਅਕਤੂਬਰ ਵਿੱਚ ਦਿੱਲੀ ਵਿੱਚ ਭਾਰਤੀ ਸੰਸਦ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਜਾਵੇਗਾ, ਭਾਜਪਾ ਰਾਜ ਸਭਾ ਮੈਂਬਰ ਨੇ ਕਿਹਾ। ਚੱਢਾ ਹੁਣ ਉਜ਼ਬੇਕਿਸਤਾਨ ਦੇ ਸਮਰਕੰਦ ਵਿੱਚ ਤਿੰਨ ਦਿਨਾਂ 12ਵੇਂ ਅੰਤਰ-ਸੰਸਦੀ ਯੂਨੀਅਨ ਦੇ ਨੌਜਵਾਨ ਸੰਸਦ ਮੈਂਬਰਾਂ ਦੇ ਗਲੋਬਲ ਸੰਮੇਲਨ ਵਿੱਚ ਭਾਰਤ ਦੀ ਸੰਸਦ ਦੀ ਨੁਮਾਇੰਦਗੀ ਕਰਨ ਲਈ ਹੈ, ਜੋ ਕਿ ਸ਼ੁੱਕਰਵਾਰ ਤੋਂ ਸ਼ੁਰੂ ਹੋਇਆ ਸੀ।
"ਉਨ੍ਹਾਂ ਨੂੰ 12ਵੇਂ ਬ੍ਰਿਕਸ ਸੰਸਦੀ ਫੋਰਮ ਵਿੱਚ ਨਿੱਜੀ ਤੌਰ 'ਤੇ ਸੱਦਾ ਦੇਣਾ ਖੁਸ਼ੀ ਦੀ ਗੱਲ ਸੀ, ਜੋ ਕਿ ਇਸ ਅਕਤੂਬਰ ਵਿੱਚ ਦਿੱਲੀ ਵਿੱਚ ਭਾਰਤੀ ਸੰਸਦ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਜਾਵੇਗਾ। ਭਾਰਤ ਨੇ ਇਸ ਸਾਲ ਬ੍ਰਿਕਸ ਚੇਅਰਮੈਨ ਵਜੋਂ ਆਪਣਾ ਚੌਥਾ ਕਾਰਜਕਾਲ ਸ਼ੁਰੂ ਕੀਤਾ, ਬਲਾਕ ਦੀਆਂ ਗਤੀਵਿਧੀਆਂ ਦੇ ਤਾਲਮੇਲ, ਮੀਟਿੰਗਾਂ ਦੀ ਮੇਜ਼ਬਾਨੀ ਅਤੇ ਸਾਲਾਨਾ ਏਜੰਡਾ ਨਿਰਧਾਰਤ ਕਰਨ ਦੀ ਜ਼ਿੰਮੇਵਾਰੀ ਲਈ। "ਅਸੀਂ ਭਾਰਤ ਅਤੇ ਉਜ਼ਬੇਕਿਸਤਾਨ ਵਿਚਕਾਰ ਵਧ ਰਹੇ ਸਬੰਧਾਂ ਬਾਰੇ ਗੱਲ ਕੀਤੀ।
ਉਨ੍ਹਾਂ (ਤੰਜ਼ੀਲਾ ਨਰਬੇਵਾ) ਨੇ ਹਾਲ ਹੀ ਵਿੱਚ ਭਾਰਤ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀ ਉਜ਼ਬੇਕਿਸਤਾਨ ਦੀ ਸਫਲ ਫੇਰੀ ਬਾਰੇ ਬਹੁਤ ਗਰਮਜੋਸ਼ੀ ਨਾਲ ਗੱਲ ਕੀਤੀ, ਅਤੇ ਸੱਦੇ ਵਿੱਚ ਡੂੰਘੀ ਦਿਲਚਸਪੀ ਦਿਖਾਈ, ਭਾਜਪਾ ਸੰਸਦ ਮੈਂਬਰ ਨੇ ਕਿਹਾ।
"ਅਸੀਂ ਉਨ੍ਹਾਂ (ਤੰਜ਼ੀਲਾ ਨਰਬੇਵਾ) ਦਾ ਭਾਰਤ ਵਿੱਚ ਸਵਾਗਤ ਕਰਨ ਲਈ ਉਤਸੁਕ ਹਾਂ," ਚੱਢਾ ਨੇ ਅੱਗੇ ਕਿਹਾ। ਇਸ ਤੋਂ ਪਹਿਲਾਂ ਵੀਰਵਾਰ ਨੂੰ, ਚੱਢਾ ਨੇ ਯ 'ਤੇ ਇੱਕ ਪੋਸਟ ਵਿੱਚ ਕਿਹਾ: "4-6 ਸਤੰਬਰ ਤੱਕ ਉਜ਼ਬੇਕਿਸਤਾਨ ਦੇ ਸਮਰਕੰਦ ਵਿੱਚ 12ਵੇਂ ਅੰਤਰ-ਸੰਸਦੀ ਯੂਨੀਅਨ ਗਲੋਬਲ ਕਾਨਫਰੰਸ ਆਫ਼ ਯੰਗ ਪਾਰਲੀਮੈਂਟੇਰੀਅਨਜ਼ ਵਿੱਚ ਭਾਰਤੀ ਸੰਸਦ ਦੀ ਨੁਮਾਇੰਦਗੀ ਕਰਨ ਲਈ ਚੁਣੇ ਜਾਣ 'ਤੇ ਮਾਣ ਮਹਿਸੂਸ ਹੋ ਰਿਹਾ ਹੈ। ਇਸ ਵਫ਼ਦ ਲਈ ਮੈਨੂੰ ਨਾਮਜ਼ਦ ਕਰਨ ਲਈ ਉਪ-ਰਾਸ਼ਟਰਪਤੀ (ਸੀ.ਪੀ. ਰਾਧਾਕ੍ਰਿਸ਼ਨਨ) ਦਾ ਧੰਨਵਾਦ। 1889 ਵਿੱਚ ਸਥਾਪਿਤ ਅਤੇ ਜਿਨੇਵਾ ਵਿੱਚ ਮੁੱਖ ਦਫਤਰ, ਆਈਪੀਯੂ ਦੁਨੀਆ ਦੀ ਸਭ ਤੋਂ ਪੁਰਾਣੀ ਅਤੇ ਸਭ ਤੋਂ ਵੱਡੀ ਰਾਸ਼ਟਰੀ ਸੰਸਦ ਸੰਸਥਾ ਹੈ, ਜਿਸ ਵਿੱਚ 180 ਮੈਂਬਰ ਪਾਰਲੀਮੈਂਟ ਅਤੇ 15 ਐਸੋਸੀਏਟ ਮੈਂਬਰ ਇਕੱਠੇ ਹਨ। ਇਸ ਸਾਲ ਦਾ ਥੀਮ: "ਮੁਸੀਬਤ ਭਰੇ ਸਮੇਂ ਵਿੱਚ ਸਾਰਿਆਂ ਲਈ ਮਨੁੱਖੀ ਅਧਿਕਾਰ, ਨਿਆਂ ਅਤੇ ਮਾਣ ਦੀ ਪ੍ਰਾਪਤੀ"।
ਤਿੰਨ ਦਿਨਾਂ ਵਿੱਚ, ਦੁਨੀਆ ਭਰ ਦੇ ਨੌਜਵਾਨ ਵਿਧਾਇਕ ਸੰਘਰਸ਼ ਵਿੱਚ ਨੌਜਵਾਨ ਅਧਿਕਾਰਾਂ, ਡਿਜੀਟਲ ਅਧਿਕਾਰਾਂ ਅਤੇ ਔਨਲਾਈਨ ਸੁਰੱਖਿਆ, ਜਲਵਾਯੂ ਲਚਕੀਲੇਪਣ ਅਤੇ ਨੌਜਵਾਨਾਂ ਲਈ ਨਿਆਂ ਅਤੇ ਆਰਥਿਕ ਮੌਕੇ 'ਤੇ ਬਹਿਸ ਕਰਨਗੇ। ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਇਸਦੀ ਸਭ ਤੋਂ ਛੋਟੀ ਆਬਾਦੀ ਵਿੱਚੋਂ ਇੱਕ ਦਾ ਘਰ ਹੈ, ਅਤੇ ਇਹਨਾਂ ਵਿੱਚੋਂ ਹਰ ਇੱਕ ਸਵਾਲ 'ਤੇ, ਸਾਡੀ ਸੰਸਦ ਕੋਲ ਪੇਸ਼ਕਸ਼ ਕਰਨ ਲਈ ਬਹੁਤ ਕੁਝ ਹੈ ਅਤੇ ਸਿੱਖਣ ਲਈ ਕੁਝ ਹੈ। ਜਿਵੇਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੇ ਹੁਣੇ ਹੀ ਉਜ਼ਬੇਕਿਸਤਾਨ ਦੀ ਆਪਣੀ ਸਫਲ ਫੇਰੀ ਸਮਾਪਤ ਕੀਤੀ ਹੈ, ਇਹ ਹੈ ਸਾਡੀ ਭਾਈਵਾਲੀ ਦੇ ਸੰਸਦੀ ਪੱਖ ਨੂੰ ਅੱਗੇ ਵਧਾਉਣ ਵਿੱਚ ਇੱਕ ਛੋਟੀ ਜਿਹੀ ਭੂਮਿਕਾ ਨਿਭਾਉਣ ਦਾ ਸਾਡੇ ਵਫ਼ਦ ਦਾ ਸਨਮਾਨ।"

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ




ਸਿੱਖ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵੱਲੋਂ

# 8ਵਾਂ ਸਾਲਾਨਾ 'ਰਾਗ ਕੀਰਤਨ ਦਰਬਾਰ'

ਦਾ ਵਿਸ਼ਾਲ ਅਤੇ ਰੂਹਾਨੀ ਸਮਾਗਮ ਕਰਵਾਇਆ ਜਾ ਰਿਹਾ ਹੈ।

## ਆਓ, ਇਸ ਸਮਾਗਮ ਵਿਚ ਗੁਰਬਾਣੀ ਨੂੰ

ਉਸੇ ਰੂਹਾਨੀ ਅੰਦਾਜ਼ ਵਿੱਚ ਸੁਣੀਏ ਅਤੇ ਗਾਈਏ, ਜਿਸ ਤਰ੍ਹਾਂ ਇਹ ਗਾਈ ਅਤੇ ਸੁਣੀ ਜਾਣੀ ਚਾਹੀਦੀ ਹੈ।

**11 ਤੋਂ 13 ਸਤੰਬਰ 2026, ਸ਼ੁੱਕਰਵਾਰ ਤੋਂ ਐਤਵਾਰ ਤੱਕ ਆਯੋਜਿਤ ਕੀਤਾ ਜਾਵੇਗਾ।**

### ਇਸ ਸਮਾਗਮ ਵਿੱਚ



ਭਾਈ ਨਿਰਮਲ ਸਿੰਘ ਨਾਗਪੁਰੀ | ਡਾ. ਮਨਪ੍ਰੀਤ ਸਿੰਘ | ਡਾ. ਗੁਰਨਾਮ ਸਿੰਘ | ਭਾਈ ਕਰਨਜੀਤ ਸਿੰਘ ਸ਼ਾਂਤ | ਬੀਬੀ ਸੋਨੀ ਕੌਰ | ਬੀਬੀ ਸਿਮਰਤ ਕੌਰ | ਭਾਈ ਗੁਰਪ੍ਰੀਤ ਸਿੰਘ | ਭਾਈ ਸਿਮਰਨਜੀਤ ਸਿੰਘ ਖਾਲਸਾ | ਪ੍ਰੋ. ਦਲਬੀਰ ਸਿੰਘ ਤੇ ਵਿਦਿਆਰਥੀ

ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

**ਸਮੂਹ ਸੰਗਤਾਂ ਨੂੰ ਇਸ ਪਵਿੱਤਰ ਅਤੇ ਰਸਭਿੰਨੇ ਕੀਰਤਨ ਦਰਬਾਰ ਵਿੱਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ।**

ਗੁਰਦਵਾਰਾ ਸਾਹਿਬ ਦਾ ਪਤਾ :
3636 Gurdwara Avenue
San Jose, Cailforina

ਵਧੇਰੇ ਜਾਣਕਾਰੀ ਲਈ ਤੁਸੀਂ ਸੰਪਰਕ ਕਰ ਸਕਦੇ ਹੋ
(408) 274-9373


IAPW
INTERNATIONAL ASSOCIATION of PUNJABI WOMEN
28th Annual One n One Only Yuba City
Since 1999
JASMEEN AKHTAR
LIVE PERFORMANCE
LIVE IN YUBA CITY
6th SEPT 2026
11AM TO 7PM
YUBA SUTTER FAIR GROUNDS
442 FRANKLIN AVEYUBA CITY, CA 95991
JOT RANJIT KAUR (SINGER & HOST)
PARM TAKHAR (HOST)
$10 MANDATORY RAFFLE
ENTRY TICKET AT THE GATE
FROM 10:00AM TO 3:00PM
$20 ENTRY TICKET 3:00PM TO 5:30PM
GATES CLOSE AT 5:30PM.
FOR PARTICIPATION, BOOTH BOOKINGS N SPONSORSHIP, PLEASE CONTACT
CALL : (530) 845-4800
KEERAT TAKHAR
HARNOOR KAUR
PINNU BRAR
DR. LOVELEEN SAMRA
BAL K SINDAL
NAVI GILL
HARDEEP HUNDAL
MANINDER MAAN
SHIVPREET BIHALA
HARDEEP BINNING
SUKHY JHUTTY
JASWANT DHILLON
SUKHNANDAN K LALLY
SITAL GURAYA
MANDEEP KAUR
MADHUPREET KAUR
UMBER MAAN

# Serving Californians since 1999

Global Green
INSURANCE AGENCY
Lic #oF34231

Mann Insurance Brokers Inc.
dba Global Green Insurance Agency of the Bay Area

AUTO, HOME, BUSINESS, LIFE

510-487-1000

WWW.GGIABA.COM

COVERED CALIFORNIA

Certified INSURANCE AGENT

Free Confidential Help

Call : Gurcharan Singh Mann
CA License

Medicare

Licensed Insurance Agent
CA Lic # 0C70672

CALL TO ENROL

510-557-0061

Buying OR Selling Real Estate Let US HELP

MANN
Real Estate Services

BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE

510-557-0061

Find your home on our website

www.mannres.com



Gurcharan Singh Mann
DRE#02321006

# ਬੋਲੀਵੀਆ ਦੇ ਫੌਜੀ ਅੱਡੇ 'ਚ ਜ਼ਬਰਦਸਤ ਧਮਾਕਾ, 10 ਤੋਂ ਵੱਧ ਮੌਤਾਂ

ਬੋਲੀਵੀਆ
ਸਾਂਝੀ ਸੋਚ ਬਿਊਰੋ



ਦੱਖਣੀ ਅਮਰੀਕੀ ਦੇਸ਼ ਬੋਲੀਵੀਆ ਦੇ ਪੱਛਮੀ ਸ਼ਹਿਰ ਵਿਆਚਾ ਵਿੱਚ ਸ਼ੁੱਕਰਵਾਰ ਨੂੰ ਇੱਕ ਫੌਜੀ ਅੱਡੇ 'ਤੇ ਜ਼ਬਰਦਸਤ ਧਮਾਕਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਹਾਦਸੇ ਵਿੱਚ 10 ਤੋਂ ਵੱਧ ਲੋਕਾਂ ਦੀ ਮੌਤ ਹੋਣ ਦੀ ਖ਼ਬਰ ਹੈ, ਜਦਕਿ ਘੱਟੋ-ਘੱਟ 58 ਲੋਕ ਜ਼ਖਮੀ ਹੋਏ ਹਨ। ਅਧਿਕਾਰੀਆਂ ਮੁਤਾਬਕ ਮ੍ਰਿਤਕਾਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ। ਬੋਲੀਵੀਆ ਦੇ ਰੱਖਿਆ ਮੰਤਰੀ ਅਰਨੇਸਟੋ ਜਸਟਿਨਿਆਨੋ ਨੇ ਦੱਸਿਆ ਕਿ ਜ਼ਖਮੀਆਂ ਵਿੱਚ ਜ਼ਿਆਦਾਤਰ 52 ਆਮ ਨਾਗਰਿਕ ਹਨ, ਜਦਕਿ ਬਾਕੀ ਫੌਜੀ ਕਰਮਚਾਰੀ ਦੱਸੇ ਜਾ ਰਹੇ ਹਨ। ਰੱਖਿਆ ਮੰਤਰੀ ਅਨੁਸਾਰ ਧਮਾਕਾ ਸਥਾਨਕ ਸਮੇਂ ਮੁਤਾਬਕ ਦੁਪਹਿਰ ਕਰੀਬ 2:30 ਵਜੇ ਉਸ ਥਾਂ 'ਤੇ ਹੋਇਆ, ਜਿੱਥੇ ਰੱਖਿਆ ਮੰਤਰਾਲੇ ਵੱਲੋਂ ਪਟਾਕਿਆਂ ਦਾ ਸਟਾਕ ਰੱਖਿਆ ਗਿਆ ਸੀ। ਧਮਾਕੇ ਤੋਂ ਬਾਅਦ ਮੌਕੇ 'ਤੇ ਐਂਬੂਲੈਂਸਾਂ, ਮੈਡੀਕਲ ਟੀਮਾਂ ਅਤੇ ਪੁਲਿਸ ਨੂੰ ਤਾਇਨਾਤ ਕਰ ਦਿੱਤਾ ਗਿਆ। ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਜਾ ਰਿਹਾ ਹੈ। ਅਧਿਕਾਰੀਆਂ ਨੇ ਧਮਾਕੇ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ।

# 'ਗੈਂਗਸਟਰਾਂ ਤੇ ਵਾਰ' ਦਾ 228ਵਾਂ ਦਿਨ ਪੰਜਾਬ ਪੁਲਿਸ ਨੇ 584 ਛਾਪੇਮਾਰੀ ਕੀਤੀ: 250 ਕਾਬੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

'ਗੈਂਗਸਟਰਾਂ ਤੇ ਵਾਰ' ਮੁਹਿੰਮ ਦੇ 228ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਰਾਜ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 584 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ 'ਗੈਂਗਸਟਰਾਂ ਤੇ ਵਾਰ' - ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜਿਸ ਦੀ ਸ਼ੁਰੂਆਤ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ 20 ਜਨਵਰੀ, 2026 ਨੂੰ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ। 228ਵੇਂ ਦਿਨ, ਪੁਲਿਸ ਟੀਮਾਂ ਨੇ 250 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ 68,115 ਗ੍ਰਿਫ਼ਤਾਰੀਆਂ ਹੋਈਆਂ ਹਨ। ਇਸ ਤੋਂ ਇਲਾਵਾ 232 ਵਿਅਕਤੀਆਂ ਵਿਰੁੱਧ ਰੋਕਥਾਮ ਕਾਰਵਾਈ ਕੀਤੀ ਗਈ ਹੈ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ ਨੌਂ ਭਗੌੜੇ ਅਪਰਾਧੀਆਂ (ਪੀਓ) ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।ਲੋਕ, ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਗੁਪਤ ਰੂਪ ਵਿੱਚ ਰਿਪੋਰਟ ਕਰ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦੇ ਸਕਦੇ ਹਨ। ਇਸ ਦੌਰਾਨ, ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' 553ਵੇਂ ਦਿਨ ਵੀ ਜਾਰੀ ਰੱਖੀ ਹੈ, ਜਿਸ ਵਿੱਚ ਅੱਜ 76 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 967 ਗ੍ਰਾਮ ਹੈਰੋਇਨ, 300 ਗ੍ਰਾਮ ਅਫੀਮ, 7361 ਨਸ਼ੀਲੀਆਂ ਗੋਲੀਆਂ ਅਤੇ 2650 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਸ ਦੇ ਨਾਲ ਸਿਰਫ 553 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 77,183 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ ਪੰਜਾਬ ਪੁਲਿਸ ਨੇ ਅੱਜ 16 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਦਿੱਲੀ 'ਚ ਭਾਰੀ ਮੀਂਹ ਦਾ ਕਹਿਰ! ਏਅਰਪੋਰਟ 'ਚ ਭਰਿਆ ਪਾਣੀ, 400 ਉਡਾਣਾਂ ਹੋਈਆਂ ਲੇਟ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਦਿੱਲੀ 'ਚ ਸ਼ੁੱਕਰਵਾਰ ਦੁਪਹਿਰ ਭਾਰੀ ਮੀਂਹ ਪਿਆ, ਜਿਸ ਨਾਲ ਏਅਰਪੋਰਟ 'ਚ ਪਾਣੀ ਭਰ ਗਿਆ। ਮੀਂਹ ਦਾ ਅਸਰ ਉਡਾਣਾਂ 'ਤੇ ਵੀ ਪਿਆ। ਇਸ ਦੌਰਾਨ ਅਹਿਮਦਾਬਾਦ, ਮੁੰਬਈ ਅਤੇ ਪੋਰਟ ਬਲੇਅਰ ਤੋਂ ਆਉਣ ਵਾਲੀਆਂ ਉਡਾਣਾਂ ਦੇਰੀ ਨਾਲ ਦਿੱਲੀ ਪਹੁੰਚੀਆਂ। ਏਅਰਪੋਰਟ ਕੰਪਲੈਕਸ ਦੇ ਕਈ ਹਿੱਸਿਆਂ 'ਚ ਪਾਣੀ ਜਮ੍ਹਾ ਹੋਣ ਨਾਲ ਯਾਤਰੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਖਰਾਬ ਮੌਸਮ ਕਾਰਨ ਦਿੱਲੀ ਏਅਰਪੋਰਟ 'ਤੇ ਘੱਟੋ-ਘੱਟ 9 ਉਡਾਣਾਂ ਨੂੰ ਡਾਇਵਰਟ ਕਰਨਾ ਪਿਆ, ਜਦਕਿ 400 ਉਡਾਣਾਂ ਦੇਰੀ ਨਾਲ ਸੰਚਾਲਿਤ ਹੋਈਆਂ। ਉੱਧਰ, ਉੱਤਰ ਪ੍ਰਦੇਸ਼ 'ਚ ਲਗਾਤਾਰ ਪੈ ਰਹੇ ਮੀਂਹ ਨਾਲ 23 ਜ਼ਿਲ੍ਹਿਆਂ 'ਚ ਹੜ੍ਹ ਵਰਗੇ ਹਾਲਾਤ ਬਣੇ ਹੋਏ ਹਨ। ਵਾਰਾਣਸੀ ਅਤੇ ਚਿਤਰਕੂਟ ਸਭ ਤੋਂ ਜ਼ਿਆਦਾ ਪ੍ਰਭਾਵਿਤ ਹਨ। ਹੁਣ ਤੱਕ 16 ਹਜ਼ਾਰ ਤੋਂ ਵੱਧ ਲੋਕਾਂ ਨੂੰ ਰੈਸਕਿਊ ਕੀਤਾ ਜਾ ਚੁੱਕਾ ਹੈ। ਮੱਧ ਪ੍ਰਦੇਸ਼ 'ਚ ਮੰਦਾਕਿਨੀ ਅਤੇ ਨਰਮਦਾ ਨਦੀ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਹੀਆਂ ਹਨ। ਉੱਥੇ ਹੀ, ਛਤਰਪੁਰ, ਸਤਨਾ, ਮੰਡਲਾ, ਮੈਹਰ ਸਮੇਤ ਕਈ ਜ਼ਿਲ੍ਹਿਆਂ 'ਚ ਹੜ੍ਹ ਵਰਗੇ ਹਾਲਾਤ ਬਣੇ ਹੋਏ ਹਨ। ਬਿਹਾਰ ਦੇ 16 ਜ਼ਿਲ੍ਹਿਆਂ 'ਚ ਹੜ੍ਹ ਨਾਲ ਕਰੀਬ 5 ਲੱਖ ਲੋਕ ਪ੍ਰਭਾਵਿਤ ਹਨ। ਗੰਗਾ ਸਮੇਤ 8 ਮੁੱਖ ਨਦੀਆਂ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਹੀਆਂ ਹਨ। ਪਟਨਾ 'ਚ ਗੰਗਾ ਦੇ ਪਾਣੀ ਦਾ ਪੱਧਰ ਲਗਾਤਾਰ ਵਧ ਰਿਹਾ ਹੈ। ਇਸ ਨੂੰ ਦੇਖਦੇ ਹੋਏ ਪਟਨਾ ਸੁਰੱਖਿਆ ਕੰਧ ਦੇ ਸਾਰੇ 108 ਰਸਤਿਆਂ ਨੂੰ ਬੰਦ ਕਰ ਦਿੱਤਾ ਗਿਆ ਹੈ, ਤਾਂ ਜੋ ਨਾਲਿਆਂ ਰਾਹੀਂ ਸ਼ਹਿਰ 'ਚ ਪਾਣੀ ਨਾ ਵੜੇ।

# ਮਿਸ ਵਰਲਡ 2026 ਗ੍ਰੈਂਡ ਫਿਨਾਲੇ: ਭਾਰਤ ਦੀ ਨਿਕਿਤਾ ਪੋਰਵਾਲ ਖਿਤਾਬ ਦੀ ਦੌੜ ਤੋਂ ਬਾਹਰ: ਟੌਪ 20 ਵਿੱਚ ਜਗ੍ਹਾ ਬਣਾਉਣ 'ਚ ਰਹੀ ਅਸਫ਼ਲ

ਵੀਅਤਨਾਮ
ਸਾਂਝੀ ਸੋਚ ਬਿਊਰੋ



ਮਿਸ ਵਰਲਡ 2026 ਦਾ ਗ੍ਰੈਂਡ ਫਿਨਾਲੇ ਇਸ ਸਮੇਂ ਵੀਅਤਨਾਮ ਵਿੱਚ ਚੱਲ ਰਿਹਾ ਹੈ। ਨਿਕਿਤਾ ਪੋਰਵਾਲ ਨੇ ਮੁਕਾਬਲੇ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ। ਹਾਲਾਂਕਿ, ਉਹ ਟੌਪ 20 ਵਿੱਚ ਜਗ੍ਹਾ ਨਹੀਂ ਬਣਾ ਸਕੀ। ਉਹ ਟੌਪ 40 ਰਾਊਂਡ ਵਿੱਚ ਅੱਗੇ ਵਧੀ ਸੀ। ਇਹ ਸੁੰਦਰਤਾ ਮੁਕਾਬਲੇ ਦਾ 73ਵਾਂ ਐਡੀਸ਼ਨ ਹੈ ਅਤੇ ਸੰਗਠਨ ਦੀ 75ਵੀਂ ਵਰ੍ਹੇਗੰਢ ਦੇ ਜਸ਼ਨ ਨੂੰ ਦਰਸਾਉਂਦਾ ਹੈ। ਜ਼ਿਕਰਯੋਗ ਹੈ ਕਿ ਮਿਸ ਵਰਲਡ 2025 ਦਾ ਫਿਨਾਲੇ ਪਿਛਲੇ ਸਾਲ 31 ਮਈ, 2025 ਨੂੰ ਹੈਦਰਾਬਾਦ ਦੇ HITEX ਪ੍ਰਦਰਸ਼ਨੀ ਕੇਂਦਰ ਵਿੱਚ ਹੋਇਆ ਸੀ। ਉਸ ਮੁਕਾਬਲੇ ਵਿੱਚ 108 ਦੇਸ਼ਾਂ ਦੇ ਮੁਕਾਬਲੇਬਾਜ਼ਾਂ ਨੇ ਹਿੱਸਾ ਲਿਆ ਸੀ। ਥਾਈਲੈਂਡ ਦੀ ਓਪਲ ਸੁਚਾਤਾ ਚੁਆਂਗਸ਼੍ਰੀ ਨੇ ਮਿਸ ਵਰਲਡ 2025 ਦਾ ਖਿਤਾਬ ਜਿੱਤਿਆ ਸੀ। ਇਥੋਪੀਆ ਦੀ ਹਸੇਟ ਡਰਗੇ ਪਹਿਲੀ ਰਨਰ-ਅੱਪ ਰਹੀ। ਪੋਲੈਂਡ ਦੀ ਮਾਜਾ ਕਲਾਜਦਾ ਦੂਜੀ ਰਨਰ-ਅੱਪ ਰਹੀ, ਅਤੇ ਮਾਰਟੀਨਿਕ ਦੀ ਔਰੇਲੀ ਜੋਆਚਿਮ ਤੀਜੀ ਰਨਰ-ਅੱਪ ਰਹੀ ਸੀ।



# WHOLE HOME SOLAR & BATTERY STARTING AT $25,000

**For a standard 5kW Solar & 14kWh Battery system**

Roof or main panel upgrades not included




- **Clear & Up-Front Pricing**
- **High-Efficiency Components**
- **Permits and Utility Approvals Included**
- **Protect Existing NEM 2.0** (Via Non-Export Configuration)

## CALL HARRY FOR A QUOTE | (925) 537-2732

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building

*Pricing & offer details vary by location & applicant.*

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ




# ਗੁਰਦੁਆਰਾ ਸਾਹਿਬ San Jose

**ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵੱਲੋਂ ਸਤੰਬਰ ਮਹੀਨੇ ਵਿੱਚ ਸੰਗਤਾਂ ਲਈ ਵਿਸ਼ੇਸ਼ ਧਾਰਮਿਕ, ਗੁਰਮਤਿ ਅਤੇ ਯਾਦਗਾਰੀ ਸਮਾਗਮਾਂ ਦੀ ਲੜੀ ਕਰਵਾਈ ਜਾ ਰਹੀ ਹੈ।**

### ਜਪੁਜੀ ਸਾਹਿਬ ਕਥਾ ਅਤੇ ਗੁਰਮਤਿ ਵਿਚਾਰ

31 ਅਗਸਤ ਤੋਂ 27 ਸਤੰਬਰ ਤੱਕ
ਗਿਆਨੀ ਲਖਵਿੰਦਰ ਸਿੰਘ ਜੀ ਵੱਲੋਂ ਸਵੇਰ ਅਤੇ ਸ਼ਾਮ ਦੇ ਦੀਵਾਨਾਂ ਰਾਹੀਂ ਸ੍ਰੀ ਜਪੁਜੀ ਸਾਹਿਬ ਦੀ ਕਥਾ ਅਤੇ ਗੁਰਮਤਿ ਵਿਚਾਰ ਕੀਤਾ ਜਾਵੇਗਾ।

### ਵਿਸ਼ੇਸ਼ ਗੁਰਬਾਣੀ ਕੀਰਤਨ

2 ਤੋਂ 7 ਸਤੰਬਰ
ਭਾਈ ਗੁਰਮੇਲ ਸਿੰਘ ਜੀ ( ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ ) ਵੱਲੋਂ ਵਿਸ਼ੇਸ਼ ਗੁਰਬਾਣੀ ਕੀਰਤਨ ਦੀ ਸੇਵਾ।

### 2nd Annual Volleyball Tournament

5 ਸਤੰਬਰ 2026
ਗੁਰਦੁਆਰਾ ਸਾਹਿਬ ਸੈਨ ਹੋਜ਼ੇ ਅਤੇ ਸਾਂਤਾ ਕਲਾਰਾ ਵਾਲੀਬਾਲ ਕਲੱਬ ਵੱਲੋਂ ਭਾਈ ਜਸਵੰਤ ਸਿੰਘ ਖਾਲੜਾ ਜੀ ਦੀ ਸ਼ਹਾਦਤ ਨੂੰ ਸਮਰਪਿਤ।

### ਸ਼ਹੀਦੀ ਸਮਾਗਮ

6 ਸਤੰਬਰ 2026
ਸ਼ਹੀਦ ਭਾਈ ਜਸਵੰਤ ਸਿੰਘ ਜੀ ਖਾਲੜਾ ਦੀ ਯਾਦ ਨੂੰ ਸਮਰਪਿਤ ਗੁਰਬਾਣੀ ਕੀਰਤਨ, ਕਥਾ ਅਤੇ ਵਿਸ਼ੇਸ਼ ਵਿਚਾਰ।

### ਸੰਗਤ ਰੂਪੀ ਜਪੁਜੀ ਸਾਹਿਬ ਪਾਠ

6, 20 ਅਤੇ 27 ਸਤੰਬਰ
ਦੁਪਹਿਰ 12:20 ਤੋਂ 1:00 ਵਜੇ ਤੱਕ

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ

12 ਸਤੰਬਰ 2026

### ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰਗੱਦੀ ਦਿਵਸ ਨੂੰ ਸਮਰਪਿਤ

13 ਸਤੰਬਰ 2026 ਨੂੰ
ਕੀਰਤਨ, ਕਥਾ ਅਤੇ ਗੁਰਮਤਿ ਵਿਚਾਰ ਦਾ ਪ੍ਰੋਗਰਾਮ।

### ਸਨਮਾਨਿਤ ਪ੍ਰੋਗਰਾਮ

13 ਸਤੰਬਰ
ਨੂੰ ਹੀ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਜੀ ਦੀ ਮਨੁੱਖੀ ਅਧਿਕਾਰਾਂ ਅਤੇ ਇਨਸਾਫ਼ ਲਈ ਲੰਬੀ ਸੇਵਾ ਅਤੇ ਸੰਘਰਸ਼ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ।

### 8th Annual Raag Kirtan Darbar

11 ਤੋਂ 13 ਸਤੰਬਰ 2026
ਵੱਖ-ਵੱਖ ਰਾਗੀ ਜਥਿਆਂ ਵੱਲੋਂ ਹਾਜ਼ਰੀ ਅਤੇ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਨ ਦਾ ਸੁੰਦਰ ਉਪਰਾਲਾ।

### ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਗੱਦੀ ਦਿਵਸ

24 ਸਤੰਬਰ 2026










**Address : 3636 Gurdwara Ave, San Jose, CA, 95148**
**www.sanjosegurdwara.com | (408) 274-9373**

Gillson TRUCKING INC

# NOW HIRING

## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS

- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES

- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY

- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT

FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time | Pet Friendly | Rider Policy

SCAN QR CODE FOR APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking | company/gillsontrucking | www.teamgillson.com

# ਪਾਕਿਸਤਾਨ ਵਿੱਚ ਹਰ 16 ਵਿੱਚੋਂ ਇੱਕ ਬੱਚਾ ਔਨਲਾਈਨ ਜਿਨਸੀ ਸ਼ੋਸ਼ਣ ਅਤੇ ਦੁਰਵਿਵਹਾਰ ਦਾ ਸ਼ਿਕਾਰ: ਯੂਨੀਸੈੱਫ

ਇਸਲਾਮਾਬਾਦ
ਸਾਂਝੀ ਸੋਚ ਬਿਊਰੋ

ਪਾਕਿਸਤਾਨ ਭਰ ਵਿੱਚ 12-17 ਸਾਲ ਦੀ ਉਮਰ ਦੇ ਲਗਭਗ 1.5 ਮਿਲੀਅਨ ਇੰਟਰਨੈੱਟ-ਵਰਤੋਂ ਕਰਨ ਵਾਲੇ ਬੱਚਿਆਂ ਨੇ ਇੱਕ ਸਾਲ ਵਿੱਚ ਘੱਟੋ-ਘੱਟ ਇੱਕ ਕਿਸਮ ਦੀ ਤਕਨਾਲੋਜੀ-ਸਹੂਲਤ ਵਾਲੇ ਜਿਨਸੀ ਸ਼ੋਸ਼ਣ ਅਤੇ ਦੁਰਵਿਵਹਾਰ ਦਾ ਅਨੁਭਵ ਕੀਤਾ ਇੱਕ ਨਵੇਂ ਅਧਿਐਨ ਦੇ ਅਨੁਸਾਰ, ਹਰ 16 ਬੱਚਿਆਂ ਵਿੱਚੋਂ ਲਗਭਗ ਇੱਕ ਦੇ ਬਰਾਬਰ। ਇਹ ਨਤੀਜੇ 'ਪਾਕਿਸਤਾਨ ਵਿੱਚ ਵਿਘਨ ਪਾਉਣ ਵਾਲੇ ਨੁਕਸਾਨ: ਤਕਨਾਲੋਜੀ-ਸਹੂਲਤ ਵਾਲੇ ਬਾਲ ਜਿਨਸੀ ਸ਼ੋਸ਼ਣ ਅਤੇ ਦੁਰਵਿਵਹਾਰ 'ਤੇ ਸਬੂਤ' ਸਿਰਲੇਖ ਵਾਲੀ ਤਾਜ਼ਾ ਰਿਪੋਰਟ ਤੋਂ ਹਨ, ਜੋ ਕਿ ਯੂਨੀਸੇਫ ਆਫਿਸ ਆਫ ਸਟ੍ਰੈਟਜੀ ਐਂਡ ਐਵੀਡੈਂਸ ਇਨੋਸੈਂਟੀ, ਈਸੀਪੀਏਟੀ ਇੰਟਰਨੈਸ਼ਨਲ ਅਤੇ ਇੰਟਰਪੋਲ ਦੁਆਰਾ ਸਾਂਝੇ ਤੌਰ 'ਤੇ ਸੇਫ ਔਨਲਾਈਨ ਤੋਂ ਫੰਡਿੰਗ ਨਾਲ ਕੀਤੀ ਗਈ ਹੈ। ਯੂਨੀਸੇਫ ਦੇ ਅਨੁਸਾਰ, ਇਹ ਅਧਿਐਨ 12-17 ਸਾਲ ਦੀ ਉਮਰ ਦੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਦੇ ਰਾਸ਼ਟਰੀ ਪੱਧਰ 'ਤੇ ਪ੍ਰਤੀਨਿਧੀ ਘਰੇਲੂ ਸਰਵੇਖਣ 'ਤੇ ਅਧਾਰਤ ਸੀ, ਨਾਲ ਹੀ ਫਰੰਟਲਾਈਨ ਅਤੇ ਨਿਆਂ ਪੇਸ਼ੇਵਰਾਂ ਨਾਲ ਇੰਟਰਵਿਊਆਂ ਵੀ ਕੀਤੀਆਂ ਗਈਆਂ ਸਨ। ਇਸਨੇ ਪਾਕਿਸਤਾਨ ਵਿੱਚ ਤਕਨਾਲੋਜੀ-ਸਹੂਲਤ ਵਾਲੇ ਬਾਲ ਜਿਨਸੀ ਸ਼ੋਸ਼ਣ ਅਤੇ ਦੁਰਵਿਵਹਾਰ ਦੇ ਪੈਮਾਨੇ ਅਤੇ ਪ੍ਰਕਿਰਤੀ ਦੀ ਜਾਂਚ ਕਰਨ ਲਈ ਸੰਬੰਧਿਤ ਕਾਨੂੰਨਾਂ ਅਤੇ ਨੀਤੀਆਂ ਦਾ ਵੀ ਵਿਸ਼ਲੇਸ਼ਣ ਕੀਤਾ। ਇਸ ਖੋਜ ਨੇ ਬੱਚਿਆਂ ਦੇ ਤਜ਼ਰਬਿਆਂ, ਉਨ੍ਹਾਂ ਹਾਲਾਤਾਂ 'ਤੇ ਰੌਸ਼ਨੀ ਪਾਈ ਹੈ ਜਿਨ੍ਹਾਂ ਵਿੱਚ ਦੁਰਵਿਵਹਾਰ ਹੋ ਸਕਦਾ ਹੈ, ਅਤੇ ਮਦਦ ਅਤੇ ਸੁਰੱਖਿਆ ਤੱਕ ਪਹੁੰਚ ਕਰਨ ਵਿੱਚ ਉਹਨਾਂ ਨੂੰ ਕਿਹੜੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦਸਤਾਵੇਜ਼ੀ ਤੌਰ 'ਤੇ ਦੁਰਵਿਵਹਾਰ ਦੇ ਰੂਪਾਂ ਵਿੱਚ ਸ਼ਾਮਲ ਹਨ "ਅਣਚਾਹੇ ਜਿਨਸੀ ਤਸਵੀਰਾਂ ਜਾਂ ਗੱਲਬਾਤ, ਨਿੱਜੀ ਅੰਗਾਂ ਦੀਆਂ ਤਸਵੀਰਾਂ ਸਾਂਝੀਆਂ ਕਰਨ ਲਈ ਬੇਨਤੀਆਂ, ਬੱਚਿਆਂ ਦੀਆਂ ਤਸਵੀਰਾਂ ਨੂੰ ਉਨ੍ਹਾਂ ਦੀ ਇਜਾਜ਼ਤ ਤੋਂ ਬਿਨਾਂ ਸਾਂਝਾ



ਕਰਨਾ, ਅਜਿਹੀਆਂ ਤਸਵੀਰਾਂ ਜਾਂ ਜਿਨਸੀ ਗਤੀਵਿਧੀ ਨਾਲ ਜੁੜੀਆਂ ਧਮਕੀਆਂ ਜਾਂ ਬਲੈਕਮੇਲ ਕਰਨਾ, ਅਤੇ ਨਕਲੀ ਤਸਵੀਰਾਂ ਜਾਂ ਵੀਡੀਓ ਬਣਾਉਣ ਲਈ ਨਕਲੀ ਬੁੱਧੀ ਦੀ ਵਰਤੋਂ।" "ਡਿਜੀਟਲ ਦੁਨੀਆ ਬੱਚਿਆਂ ਲਈ ਇੱਕ ਸੁਰੱਖਿਅਤ ਜਗ੍ਹਾ ਹੋਣੀ ਚਾਹੀਦੀ ਹੈ। ਸਾਨੂੰ ਬੱਚਿਆਂ ਨੂੰ ਸਿਰਫ਼ ਜੋਖਮਾਂ ਤੋਂ ਬਚਣ ਲਈ ਕਹਿਣ ਤੋਂ ਬਦਲ ਕੇ ਮਜ਼ਬੂਤ ਪ੍ਰਣਾਲੀਆਂ ਬਣਾਉਣ ਵੱਲ ਜਾਣਾ ਚਾਹੀਦਾ ਹੈ ਜੋ ਦੁਰਵਿਵਹਾਰ ਨੂੰ ਰੋਕਦੀਆਂ ਹਨ ਅਤੇ ਅਪਰਾਧੀਆਂ ਅਤੇ ਡਿਜੀਟਲ ਪਲੇਟਫਾਰਮਾਂ ਨੂੰ ਜਵਾਬਦੇਹ ਠਹਿਰਾਉਂਦੀਆਂ ਹਨ, ਪਾਕਿਸਤਾਨ ਵਿੱਚ ਯੂਨੀਸੈਫ ਦੇ ਪ੍ਰਤੀਨਿਧੀ, ਪਰਨੀਲ ਆਇਰਨਸਾਈਡ ਨੇ ਕਿਹਾ। ਰਿਪੋਰਟ ਨੇ ਇਸ ਗੱਲ ਨੂੰ ਉਜਾਗਰ ਕੀਤਾ ਕਿ ਤਕਨਾਲੋਜੀ-ਸਹੂਲਤ ਜਿਨਸੀ ਸ਼ੋਸ਼ਣ ਅਤੇ ਦੁਰਵਿਵਹਾਰ ਪਾਕਿਸਤਾਨ ਵਿੱਚ ਕਿਸ ਹੱਦ ਤੱਕ ਲੁਕਿਆ ਹੋਇਆ ਹੈ। ਇਸ ਵਿੱਚ ਨੋਟ ਕੀਤਾ ਗਿਆ ਹੈ ਕਿ ਤਕਨਾਲੋਜੀ-ਸਹੂਲਤ ਜਿਨਸੀ ਸ਼ੋਸ਼ਣ ਅਤੇ ਦੁਰਵਿਵਹਾਰ ਦੇ ਸ਼ਿਕਾਰ ਅੱਧੇ ਤੋਂ ਵੱਧ ਬੱਚਿਆਂ ਨੇ ਕਿਸੇ ਨੂੰ ਨਹੀਂ ਦੱਸਿਆ, ਜਦੋਂ ਕਿ ਸਰਵੇਖਣ ਕੀਤੇ ਗਏ ਕਿਸੇ ਵੀ ਬੱਚੇ ਨੇ ਹੈਲਪਲਾਈਨਾਂ, ਸਮਾਜਿਕ ਵਰਕਰਾਂ ਅਤੇ ਪੁਲਿਸ ਸਮੇਤ ਰਸਮੀ ਤਰੀਕਿਆਂ ਦੀ ਰਿਪੋਰਟ ਨਹੀਂ ਕੀਤੀ। ਖੋਜਾਂ ਨੇ ਭਾਈਚਾਰਕ ਕਲੰਕ, ਪੀੜਤਾਂ ਨੂੰ ਦੋਸ਼ੀ ਠਹਿਰਾਉਣਾ ਅਤੇ ਪੁਲਿਸ ਵਿੱਚ ਵਿਸ਼ਵਾਸ ਦੀ ਘਾਟ ਨੂੰ ਮੁੱਖ ਰੁਕਾਵਟਾਂ ਵਜੋਂ ਪਛਾਣਿਆ ਜੋ ਅਕਸਰ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬੋਲਣ ਤੋਂ ਰੋਕਦੀਆਂ ਹਨ। "ਦੁਰਵਿਵਹਾਰ ਕਦੇ ਵੀ ਬੱਚਿਆਂ ਦੀ ਗਲਤੀ ਨਹੀਂ ਹੁੰਦਾ", ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ ਰਿਪੋਰਟ ਨੇ ਪੂਰੇ ਪਾਕਿਸਤਾਨ ਵਿੱਚ ਬੱਚਿਆਂ ਲਈ ਮਦਦ ਅਤੇ ਸਹਾਇਤਾ ਲੈਣ ਲਈ ਸੁਰੱਖਿਅਤ, ਗੁਪਤ ਅਤੇ ਪਹੁੰਚਯੋਗ ਤਰੀਕਿਆਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। "ਸਰਵੇਖਣ ਦਰਸਾਉਂਦਾ ਹੈ ਕਿ ਪਾਕਿਸਤਾਨ ਵਿੱਚ ਕੁੜੀਆਂ ਅਤੇ ਮੁੰਡਿਆਂ ਨੂੰ ਤਕਨਾਲੋਜੀ-ਸਹੂਲਤ ਵਾਲੇ ਜਿਨਸੀ ਸ਼ੋਸ਼ਣ ਅਤੇ ਦੁਰਵਿਵਹਾਰ ਦੀ ਦਰ ਇੱਕੋ ਜਿਹੀ ਹੈ, ਪਰ ਉਨ੍ਹਾਂ ਦੇ ਅਨੁਭਵ ਕਾਫ਼ੀ ਵੱਖਰੇ ਹੋ ਸਕਦੇ ਹਨ। ਮੁੰਡਿਆਂ ਲਈ, ਮਰਦਾਨਗੀ ਦੇ ਆਲੇ ਦੁਆਲੇ ਕਲੰਕ ਅਤੇ ਉਮੀਦਾਂ ਦਾ ਮਤਲਬ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਪੀੜਤਾਂ ਵਜੋਂ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਅਤੇ ਜੋ ਹੋਇਆ ਉਸ ਬਾਰੇ ਬੋਲਣ ਤੋਂ ਨਿਰਾਸ਼ ਕੀਤਾ ਜਾਂਦਾ ਹੈ। ਮੁੰਡਿਆਂ ਦੇ ਵਿਲੱਖਣ ਅਨੁਭਵਾਂ ਨੂੰ ਪਛਾਣਨਾ ਅਤੇ ਉਨ੍ਹਾਂ ਦਾ ਜਵਾਬ ਦੇਣਾ ਪ੍ਰਭਾਵਸ਼ਾਲੀ ਬਾਲ ਸੁਰੱਖਿਆ ਦਾ ਹਿੱਸਾ ਹੋਣਾ ਚਾਹੀਦਾ ਹੈ," ਐਂਡਰੀਆ ਵਾਰੇਲਾ, ਪ੍ਰੋਗਰਾਮ ਦੀ ਮੁਖੀ: ਨਿਆਂ ਅਤੇ ਬਾਲ ਅਧਿਕਾਰ, ਓਛਫਅਠ ਇੰਟਰਨੈਸ਼ਨਲ। ਯੂਨੀਸੇਫ ਨੇ ਸਰਕਾਰ, ਕਾਨੂੰਨ ਲਾਗੂ ਕਰਨ ਵਾਲੇ, ਨਿਆਂ ਅਤੇ ਸਮਾਜਿਕ ਸੇਵਾਵਾਂ, ਨਾਲ ਹੀ ਭਾਈਚਾਰਿਆਂ, ਸਕੂਲਾਂ, ਪਰਿਵਾਰਾਂ ਅਤੇ ਡਿਜੀਟਲ ਪਲੇਟਫਾਰਮਾਂ ਵਿੱਚ ਤਾਲਮੇਲ ਵਾਲੀ ਕਾਰਵਾਈ ਦੀ ਮੰਗ ਕੀਤੀ, ਤਾਂ ਜੋ ਰੋਕਥਾਮ, ਸੁਰੱਖਿਆ ਅਤੇ ਪ੍ਰਤੀਕਿਰਿਆ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਪੂਰੇ ਪਾਕਿਸਤਾਨ ਵਿੱਚ ਬੱਚਿਆਂ ਲਈ ਔਨਲਾਈਨ ਅਤੇ ਵਿਅਕਤੀਗਤ ਤੌਰ 'ਤੇ ਸੁਰੱਖਿਅਤ ਵਾਤਾਵਰਣ ਬਣਾਇਆ ਜਾ ਸਕੇ।

# ਭਾਰਤੀ ਅਤੇ ਜਾਪਾਨੀ ਫੌਜਾਂ ਵਿਚਕਾਰ ਵਧਾਏਗਾ ਅੰਤਰ ਕਾਰਜਸ਼ੀਲਤਾ ਅਤੇ ਸੰਚਾਲਨ ਤਾਲਮੇਲ: ਭਾਰਤੀ ਹਵਾਈ ਸੈਨਾ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਭਾਰਤੀ ਹਵਾਈ ਸੈਨਾ ਅਤੇ ਜਾਪਾਨੀ ਹਵਾਈ ਸਵੈ-ਰੱਖਿਆ ਫੋਰਸ ਵਿਚਕਾਰ ਜੋਧਪੁਰ ਵਿੱਚ ਕਰਵਾਇਆ ਜਾ ਰਿਹਾ ਅਭਿਆਸ ਵੀਰ ਗਾਰਡੀਅਨ, ਭਾਰਤੀ ਅਤੇ ਜਾਪਾਨੀ ਫੌਜਾਂ ਵਿਚਕਾਰ ਅੰਤਰ-ਕਾਰਜਸ਼ੀਲਤਾ ਅਤੇ ਸੰਚਾਲਨ ਤਾਲਮੇਲ ਨੂੰ ਹੋਰ ਵਧਾਏਗਾ, ਆਈਏਐਫ ਨੇ ਸ਼ਨੀਵਾਰ ਨੂੰ ਕਿਹਾ।

"Exercise Veer Guardian 2026 ਭਾਰਤੀ ਹਵਾਈ ਸੈਨਾ ਅਤੇ ਜਾਪਾਨੀ ਹਵਾਈ ਸਵੈ-ਰੱਖਿਆ ਫੋਰਸ ਵਿਚਕਾਰ 09 ਸਤੰਬਰ ਤੋਂ 22 ਸਤੰਬਰ 26 ਤੱਕ ਜੋਧਪੁਰ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਅਭਿਆਸ ਦੇ ਦੂਜੇ ਐਡੀਸ਼ਨ ਲਈ ਜਾਪਾਨੀ ਦਲ ਦੇ ਆਉਣ ਦੀ ਨਿਸ਼ਾਨਦੇਹੀ ਕਰਦੇ ਹੋਏ, ਦੋ ਜਾਪਾਨੀ ਹਵਾਈ ਸਵੈ-ਰੱਖਿਆ ਫੋਰਸ ਸੀ-2 ਜਹਾਜ਼ ਏਅਰ ਫੋਰਸ ਸਟੇਸ਼ਨ ਜੋਧਪੁਰ ਵਿਖੇ ਉਤਰੇ। ਇਹ ਅਭਿਆਸ ਅੰਤਰ-ਕਾਰਜਸ਼ੀਲਤਾ, ਸੰਚਾਲਨ ਸਹਿਯੋਗ ਅਤੇ ਆਪਸੀ ਸਮਝ ਨੂੰ ਹੋਰ ਵਧਾਏਗਾ, ਭਾਰਤ ਅਤੇ ਜਾਪਾਨ ਵਿਚਕਾਰ ਦੋਸਤੀ ਦੇ ਸਥਾਈ ਬੰਧਨਾਂ ਨੂੰ ਮਜ਼ਬੂਤ ਕਰੇਗਾ, ਜਾਪਾਨੀ ਹਵਾਈ ਸਵੈ-ਰੱਖਿਆ ਫੋਰਸ ਨੇ ਐਕਸਯ 'ਤੇ ਕਿਹਾ। ਪਿਛਲੇ ਮਹੀਨੇ, ਭਾਰਤ ਅਤੇ ਜਾਪਾਨ ਨੇ ਦੁਵੱਲੇ ਰੱਖਿਆ ਸਹਿਯੋਗ ਦੀ ਸਥਿਰ ਮਜ਼ਬੂਤੀ ਦਾ ਸਵਾਗਤ ਕੀਤਾ, ਜਿਸ ਵਿੱਚ 'ਜਾਪਾਨ-ਭਾਰਤ ਵਿਸ਼ੇਸ਼ ਰਣਨੀਤਕ ਅਤੇ ਗਲੋਬਲ ਭਾਈਵਾਲੀ' ਦੇ ਤਹਿਤ ਸਾਂਝੇ ਰਣਨੀਤਕ ਦ੍ਰਿਸ਼ਟੀਕੋਣਾਂ ਦੇ ਅਧਾਰ ਤੇ, ਉਨ੍ਹਾਂ ਦੇ ਸਬੰਧਤ ਮੰਤਰਾਲਿਆਂ ਅਤੇ ਸੇਵਾਵਾਂ ਵਿਚਕਾਰ ਸ਼ਮੂਲੀਅਤ ਸ਼ਾਮਲ ਹੈ, ਜੋ ਕਿ ਹਿੰਦ-ਪ੍ਰਸ਼ਾਂਤ ਵਿੱਚ ਸ਼ਾਂਤੀ, ਸਥਿਰਤਾ ਅਤੇ ਖੁਸ਼ਹਾਲੀ ਲਈ ਇੱਕ ਥੰਮ੍ਹ ਹੈ।

ਰਾਜਨਾਥ ਸਿੰਘ ਅਤੇ ਉਨ੍ਹਾਂ ਦੇ ਜਾਪਾਨੀ ਹਮਰੁਤਬਾ, ਸ਼ਿੰਜੀਰੋ ਕੋਇਜ਼ੁਮੀ ਵਿਚਕਾਰ ਨਵੀਂ ਦਿੱਲੀ ਵਿੱਚ ਜਾਪਾਨ-ਭਾਰਤ ਰੱਖਿਆ ਮੰਤਰੀਆਂ ਦੀ ਮੀਟਿੰਗ ਤੋਂ ਬਾਅਦ ਜਾਰੀ ਕੀਤੇ ਗਏ ਇੱਕ ਸਾਂਝੇ ਬਿਆਨ ਵਿੱਚ, ਦੋਵਾਂ ਧਿਰਾਂ ਨੇ ਵਧੇ ਹੋਏ ਵਿਸ਼ਵਵਿਆਪੀ ਤਣਾਅ ਦੇ ਵਿਚਕਾਰ ਖੇਤਰੀ ਅਤੇ ਅੰਤਰਰਾਸ਼ਟਰੀ ਸੁਰੱਖਿਆ ਵਾਤਾਵਰਣ ਦੇ ਮੁਲਾਂਕਣਾਂ ਨੂੰ ਸਾਂਝਾ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਸੇ ਵੀ ਇਕਪਾਸੜ ਕਾਰਵਾਈ ਦਾ ਸਖ਼ਤ ਵਿਰੋਧ ਵੀ ਕੀਤਾ ਜੋ ਨੇਵੀਗੇਸ਼ਨ ਅਤੇ ਓਵਰਫਲਾਈਟ ਦੀ ਆਜ਼ਾਦੀ ਅਤੇ ਸੁਰੱਖਿਆ ਵਿੱਚ ਰੁਕਾਵਟ ਪਾਉਂਦੀ ਹੈ, ਨਾਲ ਹੀ ਤਾਕਤ ਜਾਂ ਜ਼ਬਰਦਸਤੀ ਦੁਆਰਾ ਮੌਜੂਦਾ ਸਥਿਤੀ ਨੂੰ ਬਦਲਣ ਦੀਆਂ ਕਿਸੇ ਵੀ ਕੋਸ਼ਿਸ਼ ਦਾ ਵੀ ਸਖ਼ਤ ਵਿਰੋਧ ਕੀਤਾ। ਜੁਲਾਈ ਵਿੱਚ ਜਾਰੀ ਕੀਤੇ ਗਏ ਜਾਪਾਨ-ਭਾਰਤ ਸਾਂਝੇ ਬਿਆਨ ਨੂੰ ਯਾਦ ਕਰਦੇ ਹੋਏ, ਸਿੰਘ ਅਤੇ ਕੋਇਜ਼ੁਮੀ ਦੋਵਾਂ ਨੇ ਆਪਣੀ ਅਗਵਾਈ ਹੇਠ ਇੱਕ ਆਜ਼ਾਦ ਅਤੇ ਖੁੱਲ੍ਹੇ ਇੰਡੋ-ਪੈਸੀਫਿਕ ਨੂੰ ਸਾਕਾਰ ਕਰਨ ਲਈ ਰੱਖਿਆ ਸਹਿਯੋਗ ਨੂੰ ਹੋਰ ਡੂੰਘਾ ਕਰਨ ਦੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਦੋਵੇਂ ਮੰਤਰੀ ਸਮੁੰਦਰੀ ਸੁਰੱਖਿਆ ਦੇ ਖੇਤਰ ਵਿੱਚ ਵਿਹਾਰਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕਾਰਜਸ਼ੀਲ ਸਹਿਯੋਗ ਨੂੰ ਡੂੰਘਾ ਕਰਨ ਲਈ ਸਹਿਮਤ ਹੋਏ।



ਇਸ ਅਨੁਸਾਰ ਉਨ੍ਹਾਂ ਨੇ ਸਮੁੰਦਰੀ ਸੁਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਅਤੇ ਸਮੁੰਦਰੀ ਸੁਰੱਖਿਆ ਸਹਿਯੋਗ 'ਤੇ ਪ੍ਰਬੰਧ ਦੇ ਮੈਮੋਰੰਡਮ 'ਤੇ ਦਸਤਖਤ ਕੀਤੇ।

# ਮੁੱਖ ਮੰਤਰੀ ਵੱਲੋਂ 'ਸੇਵਾ ਸੰਕਲਪ ਅਭਿਆਨ' ਦੇ ਆਯੋਜਨ ਦੀਆਂ ਤਿਆਰੀਆਂ ਦੀ ਸਮੀਖਿਆ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ਼ਨੀਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਤਕ ਜੀਵਨ ਅਤੇ ਸੇਵਾ ਦੇ 25 ਸਾਲ ਪੂਰੇ ਹੋਣ ਦੇ ਮੌਕੇ 'ਤੇ 17 ਸਤੰਬਰ ਤੋਂ 17 ਅਕਤੂਬਰ ਤੱਕ 'ਸੇਵਾ ਸੰਕਲਪ ਅਭਿਆਨ' ਦੇ ਲਾਗੂਕਰਨ ਅਤੇ ਸੰਗਠਨ ਦੀ ਸਮੀਖਿਆ ਕੀਤੀ। ਰਾਜ ਪੱਧਰੀ ਮੀਟਿੰਗ ਵਿੱਚ ਮੁਹਿੰਮ ਦੀਆਂ ਤਿਆਰੀਆਂ ਅਤੇ ਅਧਿਕਾਰੀਆਂ ਨਾਲ ਪ੍ਰੋਗਰਾਮਾਂ ਦੇ ਸੰਗਠਨ ਦੀ ਵਿਸਥਾਰ ਵਿੱਚ ਸਮੀਖਿਆ ਕੀਤੀ ਗਈ। ਮੁੱਖ ਮੰਤਰੀ ਸੈਣੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸਾਰੇ 23 ਜ਼ਿਲ੍ਹਿਆਂ ਵਿੱਚ ਪ੍ਰਧਾਨ ਮੰਤਰੀ ਮੋਦੀ ਦੁਆਰਾ ਉਦਘਾਟਨ ਕੀਤੇ ਗਏ ਪ੍ਰੋਜੈਕਟਾਂ ਦੇ ਨਾਲ-ਨਾਲ ਹਰਿਆਣਾ ਦੇ ਪ੍ਰਮੁੱਖ ਵਿਕਾਸ ਪ੍ਰੋਜੈਕਟਾਂ ਦੀ ਪਛਾਣ ਕਰਨ ਅਤੇ ਮੁਹਿੰਮ ਦੌਰਾਨ ਇਨ੍ਹਾਂ ਸਥਾਨਾਂ 'ਤੇ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕਰਨ। 17 ਸਤੰਬਰ ਦੀ ਸ਼ਾਮ ਨੂੰ, ਲਾਭਪਾਤਰੀਆਂ ਅਤੇ ਜਨਤਾ ਦੇ ਮੈਂਬਰਾਂ ਦੇ ਘਰਾਂ ਵਿੱਚ ਜਾ ਕੇ ਰਾਜ ਦੇ ਹਰ ਬੂਥ 'ਤੇ 'ਆਸ਼ੀਰਵਾਦ ਦਾ ਦੀਵਾ' ਜਗਾਇਆ ਜਾਵੇਗਾ। ਪ੍ਰਧਾਨ ਮੰਤਰੀ ਮੋਦੀ ਦੀਆਂ ਵੱਖ-ਵੱਖ ਭਲਾਈ ਯੋਜਨਾਵਾਂ ਦੇ ਲਾਭਪਾਤਰੀਆਂ ਨੂੰ ਇਸ ਮੁਹਿੰਮ ਨਾਲ ਜੋੜਿਆ ਜਾਵੇਗਾ, ਅਤੇ ਉਨ੍ਹਾਂ ਦੇ ਤਜ਼ਰਬਿਆਂ ਨੂੰ ਸਾਹਮਣੇ ਲਿਆਉਂਦੇ ਹੋਏ ਉਨ੍ਹਾਂ ਦੇ ਘਰਾਂ 'ਤੇ 'ਦੀਵੇ' ਜਗਾਏ ਜਾਣੇ ਚਾਹੀਦੇ ਹਨ। ਜ਼ਿਲ੍ਹਾ ਪ੍ਰਸ਼ਾਸਨ ਨੂੰ ਇਨ੍ਹਾਂ ਪ੍ਰੋਗਰਾਮਾਂ ਦੀ ਵੀਡੀਓ ਰਿਕਾਰਡਿੰਗ ਦਾ ਪ੍ਰਬੰਧ ਕਰਨਾ ਚਾਹੀਦਾ ਹੈ, ਅਤੇ ਸਬੰਧਤ ਫੋਟੋਆਂ ਅਤੇ ਵੀਡੀਓਜ਼ ਨੂੰ ਸੋਸ਼ਲ ਮੀਡੀਆ 'ਤੇ ਵਿਆਪਕ ਤੌਰ 'ਤੇ ਸਾਂਝਾ ਕਰਨਾ ਚਾਹੀਦਾ ਹੈ। ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਯੂਨੀਵਰਸਿਟੀਆਂ ਵਿੱਚ ਸੈਮੀਨਾਰ ਆਯੋਜਿਤ ਕੀਤੇ ਜਾਣ ਤਾਂ ਜੋ ਪਿਛਲੇ 12 ਸਾਲਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਦੇਸ਼ ਵਿੱਚ ਕੀਤੇ ਗਏ ਵਿਕਾਸ ਅਤੇ ਭਲਾਈ ਕਾਰਜਾਂ ਦੇ ਨਾਲ-ਨਾਲ ਇਨ੍ਹਾਂ ਦੁਆਰਾ ਲੋਕਾਂ ਦੇ ਜੀਵਨ ਵਿੱਚ ਲਿਆਂਦੀਆਂ ਗਈਆਂ ਤਬਦੀਲੀਆਂ ਨੂੰ ਜਨਤਾ ਤੱਕ ਪਹੁੰਚਾਇਆ ਜਾ ਸਕੇ। ਦੇਸ਼ ਦੀ ਵਿਕਾਸ ਯਾਤਰਾ ਨਾਲ ਸਬੰਧਤ ਦਸਤਾਵੇਜ਼ੀ ਫਿਲਮਾਂ ਜਨਤਕ ਥਾਵਾਂ 'ਤੇ ਦਿਖਾਈਆਂ ਜਾਣੀਆਂ ਚਾਹੀਦੀਆਂ ਹਨ, ਅਤੇ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਔਰਤਾਂ ਦੇ ਜੀਵਨ ਵਿੱਚ ਆਏ ਬਦਲਾਅ ਨੂੰ ਵੀ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕੀਤਾ ਜਾਣਾ ਚਾਹੀਦਾ ਹੈ। ਸੈਣੀ ਨੇ ਕਿਹਾ ਕਿ ਹਰੇਕ ਜ਼ਿਲ੍ਹੇ ਵਿੱਚ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦੇ ਲਾਭਪਾਤਰੀਆਂ ਦੀ ਸੂਚੀ ਤਿਆਰ ਕੀਤੀ ਜਾਣੀ ਚਾਹੀਦੀ ਹੈ, ਅਤੇ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਮੁਹਿੰਮ ਦੌਰਾਨ ਕੋਈ ਵੀ ਲਾਭਪਾਤਰੀ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਗ੍ਰਾਮ ਸਕੱਤਰੇਤ, ਜਿਮਨੇਜ਼ੀਅਮ, ਕਿਸਾਨਾਂ ਲਈ ਕੀਤੇ ਗਏ ਕੰਮ, ਸੜਕਾਂ, ਐਕਸਪ੍ਰੈਸਵੇਅ ਅਤੇ ਹੋਰ ਵੱਡੇ ਵਿਕਾਸ ਪ੍ਰੋਜੈਕਟਾਂ ਦੀ ਵੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਇਨ੍ਹਾਂ ਵਿਕਾਸ ਕਾਰਜਾਂ ਨੂੰ




ਪ੍ਰਭਾਵਸ਼ਾਲੀ ਢੰਗ ਨਾਲ ਜਨਤਾ ਦੇ ਸਾਹਮਣੇ ਪੇਸ਼ ਕੀਤਾ ਜਾ ਸਕੇ। ਮੁਹਿੰਮ 17 ਸਤੰਬਰ ਦੀ ਸ਼ਾਮ ਨੂੰ 'ਆਸ਼ੀਰਵਾਦ ਕਾ ਦੀਆ' ਪ੍ਰੋਗਰਾਮ ਨਾਲ ਸ਼ੁਰੂ ਹੋਵੇਗੀ। ਇਸ ਪਹਿਲਕਦਮੀ ਦੇ ਤਹਿਤ, ਵਰਕਰ ਹਰ ਬੂਥ 'ਤੇ ਜਨਤਾ ਦੇ ਮੈਂਬਰਾਂ ਅਤੇ ਵੱਖ-ਵੱਖ ਸਰਕਾਰੀ ਯੋਜਨਾਵਾਂ ਦੇ ਲਾਭਪਾਤਰੀਆਂ ਦੇ ਘਰਾਂ ਦਾ ਦੌਰਾ ਕਰਨਗੇ ਅਤੇ ਲੋਕਾਂ ਦੇ ਵਿਸ਼ਵਾਸ, ਪ੍ਰਧਾਨ ਮੰਤਰੀ ਪ੍ਰਤੀ ਸ਼ੁਕਰਗੁਜ਼ਾਰੀ ਅਤੇ ਦੇਸ਼ ਦੇ ਉੱਜਵਲ ਭਵਿੱਖ ਲਈ ਉਨ੍ਹਾਂ ਦੇ ਸੰਕਲਪ ਦੇ ਪ੍ਰਤੀਕ ਵਜੋਂ 'ਦੀਆ' ਜਗਾਉਣਗੇ।


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

ੴ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥

IN LOVING MEMORY OF

# RAVINDER SINGH RANDHAWA



*March 6, 1960 - August 31, 2026*

Memorial Service

**Wednesday, September 9, 2026**
**10am-12pm**

Sunset View Cemetery
101 Colusa Ave
El Cerrito CA, 94530

**Sehaj Path Bhog & Langar will follow**

Randhawa Residence
1153 Stirling Drive
Rodeo CA, 94572

*For further information, please contact:*

Gurdeep Kaur 510-260-4009 | Rajinder Singh 510-224-7871


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# ਮਨੀਸ਼ ਸਿਸੋਦੀਆ ਨੇ ਅਧਿਆਪਕ ਦਿਵਸ 'ਤੇ ਹੁਸ਼ਿਆਰਪੁਰ 'ਚ 200 ਤੋਂ ਵੱਧ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨਾਲ ਕੀਤਾ ਸੰਵਾਦ

ਹੁਸ਼ਿਆਰਪੁਰ
ਸਾਂਝੀ ਸੋਚ ਬਿਊਰੋ

ਅਧਿਆਪਕ ਦਿਵਸ 'ਤੇ ਦਿੱਲੀ ਦੇ ਸਾਬਕਾ ਸਿੱਖਿਆ ਮੰਤਰੀ ਅਤੇ ਆਪ ਪੰਜਾਬ ਦੇ ਪ੍ਰਭਾਰੀ ਮਨੀਸ਼ ਸਿਸੋਦੀਆ ਨੇ ਹੁਸ਼ਿਆਰਪੁਰ ਵਿਖੇ 200 ਤੋਂ ਵੱਧ ਸਰਕਾਰੀ ਸਕੂਲ ਅਧਿਆਪਕਾਂ ਨਾਲ ਗੱਲਬਾਤ ਕੀਤੀ ਅਤੇ ਪੰਜਾਬ ਦੇ ਸਿੱਖਿਆ ਸੁਧਾਰਾਂ ਨੂੰ ਇਸ ਚਰਚਾ ਦੇ ਕੇਂਦਰ ਵਿੱਚ ਰੱਖਿਆ। ਉਨ੍ਹਾਂ ਨੇ ਜਮਾਤਾਂ ਵਿੱਚ ਪੜ੍ਹਾਈ ਦੇ ਨਤੀਜਿਆਂ ਵਿੱਚ ਪੰਜਾਬ ਦੇ ਪਹਿਲੇ ਸਥਾਨ 'ਤੇ ਰਹਿਣ ਅਤੇ ਭਗਵੰਤ ਮਾਨ ਸਰਕਾਰ ਵੱਲੋਂ ਅਧਿਆਪਕਾਂ ਦੀ ਸਿਖਲਾਈ 'ਤੇ ਕੀਤੇ ਜਾ ਰਹੇ ਨਿਵੇਸ਼, ਜਿਸ ਵਿੱਚ ਸਿੰਗਾਪੁਰ, ਫਿਨਲੈਂਡ ਅਤੇ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ (ਆਈਆਈਐਮ) ਅਹਿਮਦਾਬਾਦ ਦੇ ਸਿਖਲਾਈ ਪ੍ਰੋਗਰਾਮ ਸ਼ਾਮਲ ਹਨ, ਦਾ ਖਾਸ ਜ਼ਿਕਰ ਕੀਤਾ।

ਟਾਂਡਾ ਦੇ ਇੱਕ ਸਰਕਾਰੀ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ 40 ਤੋਂ ਘੱਟ ਤੋਂ ਵੱਧ ਕੇ 400 ਤੋਂ ਵੱਧ ਹੋਣ ਅਤੇ ਵਿਦਿਆਰਥੀਆਂ ਦੁਆਰਾ ਨੀਟ ਅਤੇ ਜੇਈਈ ਪਾਸ ਕਰਨ ਦੀਆਂ ਮਿਸਾਲਾਂ ਦਿੰਦਿਆਂ, ਉਨ੍ਹਾਂ ਨੇ ਅਧਿਆਪਕਾਂ ਨੂੰ ਇਸ ਤਬਦੀਲੀ ਦਾ ਮੁੱਖ ਸਰੋਤ ਦੱਸਿਆ। ਉਨ੍ਹਾਂ ਕਿਹਾ ਕਿ ਅਸਲ ਬਦਲਾਅ ਜਮਾਤਾਂ ਦੇ ਅੰਦਰ ਹੋ ਰਿਹਾ ਹੈ, ਜਿੱਥੇ ਅਧਿਆਪਕ ਪੰਜਾਬ ਦੇ ਵਿਦਿਆਰਥੀਆਂ ਦੇ ਆਤਮ-ਵਿਸ਼ਵਾਸ ਅਤੇ ਉਮੀਦਾਂ ਨੂੰ ਮੁੜ ਜਗਾ ਰਹੇ ਹਨ।

ਇਸ ਸੰਵਾਦ ਦੌਰਾਨ, ਅਧਿਆਪਕਾਂ ਨੇ ਆਪਣੇ ਨਿੱਜੀ ਤਜਰਬਿਆਂ, ਦਰਪੇਸ਼ ਚੁਣੌਤੀਆਂ ਅਤੇ ਵਿਦਿਆਰਥੀਆਂ ਦੇ ਆਤਮ-ਵਿਸ਼ਵਾਸ, ਸੁਪਨਿਆਂ ਅਤੇ ਪ੍ਰਾਪਤੀਆਂ ਵਿੱਚ ਆ ਰਹੇ ਬਦਲਾਅ ਬਾਰੇ ਚਰਚਾ ਕੀਤੀ। ਦਿੱਲੀ ਦੇ ਸਾਬਕਾ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਨੇ ਅਧਿਆਪਕਾਂ ਨੂੰ "ਸਮਾਜ ਦੇ ਪਾਇਲਟ" ਦੱਸਦਿਆਂ ਕਿਹਾ, "ਜਿਸ ਤਰ੍ਹਾਂ ਇੱਕ ਪਾਇਲਟ 'ਤੇ ਜਹਾਜ਼ ਵਿੱਚ ਸਵਾਰ ਸਾਰੇ ਯਾਤਰੀਆਂ ਦੀ ਜਾਨ ਅਤੇ ਮੰਜ਼ਿਲ ਦਾ ਭਰੋਸਾ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਇੱਕ ਅਧਿਆਪਕ 'ਤੇ ਪੂਰੀ ਪੀੜ੍ਹੀ ਦੇ ਭਵਿੱਖ ਦੀ ਦਿਸ਼ਾ ਦਾ ਭਰੋਸਾ ਹੁੰਦਾ ਹੈ। ਹਰ ਡਾਕਟਰ, ਇੰਜੀਨੀਅਰ, ਅਫ਼ਸਰ, ਉੱਦਮੀ, ਮੰਤਰੀ ਅਤੇ ਆਗੂ ਪਹਿਲਾਂ ਇੱਕ ਅਧਿਆਪਕ ਦੇ ਹੱਥੋਂ ਹੀ ਘੜਿਆ ਜਾਂਦਾ ਹੈ।"ਮਨੀਸ਼ ਸਿਸੋਦੀਆ ਨੇ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਭਗਵੰਤ ਮਾਨ ਸਰਕਾਰ ਦਾ ਸਭ ਤੋਂ ਵੱਡਾ ਯੋਗਦਾਨ ਕੇਵਲ ਬਹਿਤਰ ਢਾਂਚਾ ਤਿਆਰ ਕਰਨਾ ਹੀ ਨਹੀਂ, ਸਗੋਂ ਸਰਕਾਰੀ ਸਕੂਲ ਅਧਿਆਪਕਾਂ ਦੇ ਮਾਣ-ਸਨਮਾਨ, ਆਤਮ-ਵਿਸ਼ਵਾਸ ਅਤੇ ਪੇਸ਼ੇਵਰ ਨਿਸ਼ਠਾ ਨੂੰ ਬਹਾਲ ਕਰਨਾ ਹੈ।

ਉਨ੍ਹਾਂ ਅੱਗੇ ਕਿਹਾ, "ਭਗਵੰਤ ਮਾਨ ਸਰਕਾਰ ਨੇ ਅਧਿਆਪਕਾਂ ਨੂੰ ਪ੍ਰਸ਼ਾਸਨਿਕ ਲੜੀ ਦੀ ਆਖਰੀ ਕੜੀ ਨਹੀਂ, ਸਗੋਂ ਪੰਜਾਬ ਦੀ ਤਬਦੀਲੀ ਦਾ ਸਭ ਤੋਂ ਮਹੱਤਵਪੂਰਨ ਆਗੂ ਮੰਨਿਆ ਹੈ। ਜਦੋਂ ਕੋਈ ਸਰਕਾਰ ਆਪਣੇ ਅਧਿਆਪਕਾਂ ਨੂੰ ਸਿੰਗਾਪੁਰ, ਫਿਨਲੈਂਡ ਅਤੇ ਆਈਆਈਐਮ ਅਹਿਮਦਾਬਾਦ ਭੇਜਦੀ ਹੈ, ਤਾਂ ਇਹ ਸਿਰਫ਼ ਇੱਕ ਸਿਖਲਾਈ ਪ੍ਰੋਗਰਾਮ ਨਹੀਂ ਹੁੰਦਾ। ਇਹ ਇੱਕ ਵੱਡਾ ਸੁਨੇਹਾ ਹੁੰਦਾ ਹੈ ਕਿ ਸਾਡੇ ਅਧਿਆਪਕ ਦੁਨੀਆ ਦੇ ਵਧੀਆ ਵਿਚਾਰਾਂ ਤੱਕ ਪਹੁੰਚ ਦੇ ਹੱਕਦਾਰ ਹਨ ਕਿਉਂਕਿ ਪੰਜਾਬ ਦਾ ਭਵਿੱਖ ਉਨ੍ਹਾਂ ਦੇ ਹੱਥਾਂ ਵਿੱਚ ਹੈ।"ਮਨੀਸ਼ ਸਿਸੋਦੀਆ ਨੇ ਕਿਹਾ ਕਿ ਜਮਾਤਾਂ ਵਿੱਚ ਪੜ੍ਹਾਈ ਦੇ ਨਤੀਜਿਆਂ ਵਿੱਚ ਪੰਜਾਬ ਦਾ ਕੇਰਲ ਵਰਗੇ ਰਵਾਇਤੀ ਤੌਰ 'ਤੇ ਅੱਗੇ ਰਹਿਣ ਵਾਲੇ ਰਾਜਾਂ ਨੂੰ ਪਛਾੜ ਕੇ ਦੇਸ਼ ਦਾ ਨੰਬਰ 1 ਰਾਜ ਬਣਨਾ ਕਿਸੇ ਪ੍ਰਚਾਰ ਜਾਂ ਸਰਕਾਰੀ ਹੁਕਮਾਂ ਨਾਲ ਨਹੀਂ ਹੋਇਆ। ਉਨ੍ਹਾਂ ਕਿਹਾ "ਇਸ ਪ੍ਰਾਪਤੀ ਦਾ ਸਿਹਰਾ ਸਭ ਤੋਂ ਪਹਿਲਾਂ ਪੰਜਾਬ ਦੇ



ਅਧਿਆਪਕਾਂ ਨੂੰ ਜਾਂਦਾ ਹੈ। ਸਰਕਾਰਾਂ ਸਾਧਨ, ਸਿਖਲਾਈ ਅਤੇ ਅਨੁਕੂਲ ਮਾਹੌਲ ਦੇ ਸਕਦੀਆਂ ਹਨ, ਪਰ ਅਸਲ ਬਦਲਾਅ ਜਮਾਤ ਦੇ ਅੰਦਰ, ਇੱਕ ਅਧਿਆਪਕ ਅਤੇ ਬੱਚੇ ਦੇ ਵਿਚਕਾਰ ਹੁੰਦਾ ਹੈ।"

ਸਿੱਖਿਆ ਬਾਰੇ ਆਪਣਾ ਵਿਆਪਕ ਦ੍ਰਿਸ਼ਟੀਕੋਣ ਸਾਂਝਾ ਕਰਦਿਆਂ ਮਨੀਸ਼ ਸਿਸੋਦੀਆ ਨੇ ਕਿਹਾ ਕਿ ਸਕੂਲਾਂ ਨੂੰ ਵਿਦਿਆਰਥੀਆਂ ਨੂੰ ਸਿਰਫ਼ ਪ੍ਰੀਖਿਆਵਾਂ ਪਾਸ ਕਰਨ ਅਤੇ ਰੋਜ਼ਗਾਰ ਪ੍ਰਾਪਤ ਕਰਨ ਲਈ ਹੀ ਨਹੀਂ, ਸਗੋਂ ਜ਼ਿੰਦਗੀ ਵਿੱਚ ਜ਼ਿੰਮੇਵਾਰ ਫੈਸਲੇ ਲੈਣ ਲਈ ਵੀ ਤਿਆਰ ਕਰਨਾ ਚਾਹੀਦਾ ਹੈ। "ਗਿਆਨ ਅਤੇ ਹੁਨਰ ਐਪਲੀਕੇਸ਼ਨਾਂ ਵਰਗੇ ਹਨ, ਪਰ ਨੈਤਿਕ ਕਦਰਾਂ-ਕੀਮਤਾਂ ਉਹ ਆਪਰੇਟਿੰਗ ਸਿਸਟਮ ਹਨ ਜਿਸ 'ਤੇ ਵਿਅਕਤੀ ਦੀ ਪੂਰੀ ਜ਼ਿੰਦਗੀ ਚੱਲਦੀ ਹੈ।

ਸਿੱਖਿਆ ਪ੍ਰਣਾਲੀ ਨੂੰ ਨੌਜਵਾਨਾਂ ਨੂੰ ਕਰੀਅਰ ਲਈ ਤਿਆਰ ਕਰਨ ਦੇ ਨਾਲ-ਨਾਲ ਭ੍ਰਿਸ਼ਟਾਚਾਰ ਨੂੰ ਨਕਾਰਨ, ਨਸ਼ਿਆਂ ਤੋਂ ਦੂਰ ਰਹਿਣ, ਦੂਜਿਆਂ ਦਾ ਸਤਿਕਾਰ ਕਰਨ ਅਤੇ ਸਮਾਜ ਦੀ ਤਰੱਕੀ ਲਈ ਆਪਣੀਆਂ ਸਮਰੱਥਾਵਾਂ ਦੀ ਵਰਤੋਂ ਕਰਨ ਦੀ ਸ਼ਕਤੀ ਵੀ ਦੇਣੀ ਚਾਹੀਦੀ ਹੈ।"ਉਨ੍ਹਾਂ ਕਿਹਾ ਕਿ ਭਾਰਤ ਸਿਰਫ਼ ਡਿਗਰੀ ਧਾਰਕ ਪੈਦਾ ਕਰਕੇ ਵਿਕਸਤ ਰਾਸ਼ਟਰ ਨਹੀਂ ਬਣ ਸਕਦਾ। ਇਸ ਨੂੰ ਆਤਮ-ਵਿਸ਼ਵਾਸੀ, ਸਮਰੱਥ ਅਤੇ ਸੰਵੇਦਨਸ਼ੀਲ ਨੌਜਵਾਨਾਂ ਦੀ ਲੋੜ ਹੈ, ਅਤੇ ਸਿਰਫ਼ ਸ਼ਕਤੀਸ਼ਾਲੀ ਅਧਿਆਪਕ ਹੀ ਅਜਿਹੀ ਪੀੜ੍ਹੀ ਤਿਆਰ ਕਰ ਸਕਦੇ ਹਨ। "ਕਿਸੇ ਬੱਚੇ ਦਾ ਨੀਟ ਜਾਂ ਜੇਈਈ ਪਾਸ ਕਰਨਾ, ਸਕੂਲ ਵਿੱਚ ਬੱਚਿਆਂ ਦੀ ਗਿਣਤੀ 40 ਤੋਂ 400 ਹੋਣਾ, ਜਾਂ ਕਿਸੇ ਵਿਦਿਆਰਥੀ ਦਾ ਪਹਿਲੀ ਵਾਰ ਆਤਮ-ਵਿਸ਼ਵਾਸ ਨਾਲ ਬੋਲਣਾ—ਇਹ ਵੱਖ-ਵੱਖ ਘਟਨਾਵਾਂ ਨਹੀਂ ਹਨ। ਇਹ ਮਿਲ ਕੇ ਸਰਕਾਰੀ ਸਕੂਲ ਪ੍ਰਣਾਲੀ ਦੁਆਰਾ ਆਪਣੇ ਅਧਿਆਪਕਾਂ, ਵਿਦਿਆਰਥੀਆਂ ਅਤੇ ਸਮਾਜ ਦਾ ਭਰੋਸਾ ਮੁੜ ਜਿੱਤਣ ਦੀ ਕਹਾਣੀ ਬਿਆਨ ਕਰਦੀਆਂ ਹਨ।"ਮਨੀਸ਼ ਸਿਸੋਦੀਆ ਨੇ ਕਿਹਾ ਕਿ ਸਰਕਾਰਾਂ ਨੂੰ ਅਧਿਆਪਕਾਂ ਨੂੰ ਸਿਰਫ਼ ਅਧਿਆਪਕ ਦਿਵਸ 'ਤੇ ਹੀ ਯਾਦ ਕਰਨ ਤੋਂ ਅੱਗੇ ਵਧਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਜਮਾਤਾਂ ਦੇ ਤਜਰਬਿਆਂ ਨੂੰ ਸੁਣਨ ਲਈ ਨਿਯਮਤ ਮੰਚ ਤਿਆਰ ਕਰਨੇ ਚਾਹੀਦੇ ਹਨ।

ਉਨ੍ਹਾਂ ਕਿਹਾ"ਬੱਚਿਆਂ ਅਤੇ ਕਲਾਸਰੂਮਾਂ ਨੂੰ ਸਭ ਤੋਂ ਗੰਭੀਰਤਾ ਨਾਲ ਸਮਝਣ ਵਾਲੇ ਲੋਕ ਅਧਿਆਪਕ ਹੀ ਹਨ। ਕੋਈ ਵੀ ਗੰਭੀਰ ਸਿੱਖਿਆ ਨੀਤੀ ਉਨ੍ਹਾਂ ਦੇ ਨਾਲ ਮਿਲ ਕੇ ਬਣਾਈ ਜਾਣੀ ਚਾਹੀਦੀ ਹੈ, ਨਾ ਕਿ ਸਿਰਫ਼ ਉਨ੍ਹਾਂ 'ਤੇ ਥੋਪੀ ਜਾਣੀ ਚਾਹੀਦੀ ਹੈ।"

ਅਧਿਆਪਕ ਭਾਈਚਾਰੇ ਨੂੰ ਵਧਾਈ ਦਿੰਦਿਆਂ ਮਨੀਸ਼ ਸਿਸੋਦੀਆ ਨੇ ਅੱਗੇ ਕਿਹਾ, "ਬਜਟ ਨਾਲ ਇਮਾਰਤਾਂ ਬਣਾਈਆਂ ਜਾ ਸਕਦੀਆਂ ਹਨ ਅਤੇ ਟੈਂਡਰਾਂ ਨਾਲ ਤਕਨਾਲੋਜੀ ਖਰੀਦੀ ਜਾ ਸਕਦੀ ਹੈ, ਪਰ ਬੱਚੇ ਦਾ ਭਵਿੱਖ ਸਿਰਫ਼ ਇੱਕ ਪ੍ਰੇਰਿਤ ਅਧਿਆਪਕ ਹੀ ਘੜ ਸਕਦਾ ਹੈ। ਪੰਜਾਬ ਦੇ ਅਧਿਆਪਕ ਸਿਰਫ਼ ਅੱਜ ਦੇ ਵਿਦਿਆਰਥੀਆਂ ਨੂੰ ਪੜ੍ਹਾ ਨਹੀਂ ਰਹੇ, ਸਗੋਂ ਕੱਲ੍ਹ ਦੇ ਪੰਜਾਬ ਦਾ ਨਿਰਮਾਣ ਕਰ ਰਹੇ ਹਨ।"

ਇਸ ਸੰਵਾਦ ਦੌਰਾਨ ਪੰਜਾਬ ਦੇ ਸਰਕਾਰੀ ਸਕੂਲਾਂ ਤੋਂ ਬਦਲਾਅ ਦੀਆਂ ਕਈ ਪ੍ਰੇਰਨਾਦਾਇਕ ਕਹਾਣੀਆਂ ਸਾਹਮਣੇ ਆਈਆਂ।ਪੀਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕਮਾਹੀ ਦੇਵੀ ਦੇ ਪ੍ਰਿੰਸੀਪਲ ਰਾਜੇਸ਼ ਸਿੰਘ ਨੇ ਸਾਂਝਾ ਕੀਤਾ ਕਿ ਕਿਵੇਂ ਉਨ੍ਹਾਂ ਦੇ ਸਕੂਲ ਦੇ ਵਿਦਿਆਰਥੀ ਹੁਣ ਨੀਟ ਅਤੇ ਜੇਈਈ ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਪਾਸ ਕਰ ਰਹੇ ਹਨ। ਮਨੀਸ਼ ਸਿਸੋਦੀਆ ਨੇ ਕਿਹਾ ਕਿ ਇਹ ਪ੍ਰਾਪਤੀਆਂ ਦਰਸਾਉਂਦੀਆਂ ਹਨ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਹੁਣ ਉਨ੍ਹਾਂ ਉਦੇਸ਼ਾਂ ਨੂੰ ਪ੍ਰਾਪਤ ਕਰ ਰਹੇ ਹਨ ਜੋ ਕਦੇ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਮੰਨੇ ਜਾਂਦੇ ਸਨ।ਸਰਕਾਰੀ ਐਲੀਮੈਂਟਰੀ ਸਕੂਲ, ਬਜਵਾੜਾ ਦੀ ਰਮਿੰਦਰ ਕੌਰ ਨੇ ਦੱਸਿਆ ਕਿ ਜੀਮੈਟ ਅਤੇ ਟੋਫੇਲ ਪਾਸ ਕਰਨ ਅਤੇ ਵਿਦੇਸ਼ ਜਾਣ ਦੇ ਮੌਕੇ ਹੋਣ ਦੇ ਬਾਵਜੂਦ ਉਨ੍ਹਾਂ ਨੇ ਸਰਕਾਰੀ ਸਕੂਲ ਅਧਿਆਪਕ ਬਣਨ ਨੂੰ ਚੁਣਿਆ। 14 ਸਾਲਾਂ ਤੋਂ ਵੱਧ ਦੇ ਅਧਿਆਪਨ ਤਜਰਬੇ ਨਾਲ, ਉਨ੍ਹਾਂ ਦਾ ਸਫ਼ਰ ਪੰਜਾਬ ਦੀ ਸਰਕਾਰੀ ਸਕੂਲ ਪ੍ਰਣਾਲੀ ਵਿੱਚ ਮੌਜੂਦ ਪ੍ਰਤਿਭਾ ਅਤੇ ਸਮਰਪਣ ਨੂੰ ਦਰਸਾਉਂਦਾ ਹੈ।

ਟਾਂਡਾ ਦੇ ਸਰਕਾਰੀ ਸਕੂਲ ਅਧਿਆਪਕ ਨਰਿੰਦਰ ਅਰੋੜਾ ਨੇ ਦੱਸਿਆ ਕਿ ਜਦੋਂ 40 ਤੋਂ ਘੱਟ ਵਿਦਿਆਰਥੀਆਂ ਵਾਲੇ ਉਨ੍ਹਾਂ ਦੇ ਸਕੂਲ ਨੂੰ ਦੂਜੇ ਸਕੂਲ ਵਿੱਚ ਮਿਲਾਏ ਜਾਣ ਦਾ ਖਤਰਾ ਸੀ, ਤਾਂ ਅਧਿਆਪਕਾਂ ਨੇ ਕਿਵੇਂ ਹੁੰਗਾਰਾ ਭਰਿਆ। ਮਾਪਿਆਂ ਅਤੇ ਸਥਾਨਕ ਭਾਈਚਾਰੇ ਨਾਲ ਲਗਾਤਾਰ ਰਾਬਤਾ ਕਾਇਮ ਕਰਕੇ, ਅਧਿਆਪਕਾਂ ਨੇ ਦਾਖਲੇ ਦੀ ਗਿਣਤੀ 400 ਤੋਂ ਵੱਧ ਕਰ ਦਿੱਤੀ।ਮਨੀਸ਼ ਸਿਸੋਦੀਆ ਨੇ ਕਿਹਾ "ਇਸ ਨੂੰ ਕਹਿੰਦੇ ਹਨ ਓਨਰਸ਼ਿਪ, "ਇਨ੍ਹਾਂ ਅਧਿਆਪਕਾਂ ਨੇ ਚੰਡੀਗੜ੍ਹ ਤੋਂ ਕਿਸੇ ਹੁਕਮ ਦੀ ਉਡੀਕ ਨਹੀਂ ਕੀਤੀ। ਉਨ੍ਹਾਂ ਨੇ ਆਪਣੇ ਸਕੂਲ ਦੀ ਜ਼ਿੰਮੇਵਾਰੀ ਆਪ ਲਈ ਅਤੇ ਸਮਾਜ ਦਾ ਭਰੋਸਾ ਜਿੱਤਿਆ।

"ਅਧਿਆਪਿਕਾ ਮੋਨਿਕਾ ਨੇ ਸਰਕਾਰ ਦੀ 'ਰੀਡਿੰਗ ਕੰਪਰੀਹੈਂਸ਼ਨ ਐਪ' ਦੇ ਪ੍ਰਭਾਵ ਬਾਰੇ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਵਿੱਚ ਅੰਗਰੇਜ਼ੀ ਸਮਝਣ, ਫਰਾਟੇਦਾਰ ਬੋਲਣ ਅਤੇ ਆਤਮ-ਵਿਸ਼ਵਾਸ ਨਾਲ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਸਮਰੱਥਾ ਵਿੱਚ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ, ਜੋ ਉਨ੍ਹਾਂ ਦੀ ਉੱਚ ਸਿੱਖਿਆ ਅਤੇ ਰੋਜ਼ਗਾਰ ਦੇ ਮੌਕਿਆਂ ਨੂੰ ਮਜ਼ਬੂਤ ਕਰੇਗਾ।ਇਸ ਪ੍ਰੋਗਰਾਮ ਵਿੱਚ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਸੰਸਦ ਮੈਂਬਰ ਰਾਜ ਕੁਮਾਰ ਚੱਬੇਵਾਲ, ਵਿਧਾਇਕ ਬ੍ਰਹਮ ਸ਼ੰਕਰ ਜਿੰਪਾ, ਜਸਬੀਰ ਸਿੰਘ ਰਾਜਾ ਗਿੱਲ, ਐਡਵੋਕੇਟ ਕਰਮਬੀਰ ਸਿੰਘ ਘੁੰਮਣ ਅਤੇ ਡਾ. ਈਸ਼ਾਂਕ ਕੁਮਾਰ, ਮੁਕੇਰੀਆਂ ਹਲਕਾ ਇੰਚਾਰਜ ਸਰਬਜੋਤ ਸਿੰਘ ਸਾਬੀ, ਮੇਅਰ ਪਰਵੀਨ ਸੈਣੀ, ਸੀਨੀਅਰ ਡਿਪਟੀ ਮੇਅਰ ਸੁਰਿੰਦਰ ਕੁਮਾਰ, ਡਿਪਟੀ ਮੇਅਰ ਸੰਦੀਪ ਕੁਮਾਰ ਹਾਜ਼ਰ ਸਨ।

# ਕੋਲੇ ਦੀ ਭਾਰੀ ਰਾਸ਼ਟਰੀ ਘਾਟ ਕਾਰਨ ਪੰਜਾਬ ਵਿੱਚ ਬਿਜਲੀ ਸੰਕਟ ਗੰਭੀਰ

## ਉਤਪਾਦਨ 1,500 ਮੈਗਾਵਾਟ ਘਟਿਆ: ਤਰੁਨਪ੍ਰੀਤ ਸਿੰਘ ਸੌਂਦ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਬਿਜਲੀ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਰਾਸ਼ਟਰੀ ਪੱਧਰ 'ਤੇ ਕੋਲੇ ਦੀ ਭਾਰੀ ਘਾਟ ਕਾਰਨ ਪੰਜਾਬ ਵਿੱਚ ਬਿਜਲੀ ਸੰਕਟ ਹੋਰ ਗੰਭੀਰ ਹੋ ਗਿਆ ਹੈ, ਜਿਸ ਨਾਲ ਰਾਜ ਵਿੱਚ ਬਿਜਲੀ ਉਤਪਾਦਨ 1,500 ਮੈਗਾਵਾਟ ਤੱਕ ਘਟ ਗਿਆ ਹੈ ਅਤੇ ਵੱਡੇ ਥਰਮਲ ਪਲਾਂਟ ਘੱਟ ਸਮਰੱਥਾ 'ਤੇ ਚਲਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੋਲੇ ਦੀ ਘਾਟ ਕਾਰਨ ਦੇਸ਼ ਭਰ ਵਿੱਚ 63 ਜੀ.ਡਬਲਯੂ ਬਿਜਲੀ ਸਪਲਾਈ ਪ੍ਰਭਾਵਿਤ ਹੋਈ ਹੈ, ਜਦੋਂ ਕਿ ਕੇਂਦਰ ਵੱਲੋਂ ਕੋਲੇ ਦੀ ਘੱਟ ਕੀਤੀ ਗਈ ਸਪਲਾਈ ਨੇ ਰਾਜਪੁਰਾ ਅਤੇ ਤਲਵੰਡੀ ਸਾਬੋ ਥਰਮਲ ਪਲਾਂਟਾਂ ਨੂੰ ਪ੍ਰਭਾਵਿਤ ਕੀਤਾ ਹੈ, ਜਿਸ ਨਾਲ ਪੰਜਾਬ ਦੇ ਬਿਜਲੀ ਪ੍ਰਬੰਧ 'ਤੇ ਹੋਰ ਮਾੜਾ ਅਸਰ ਪਿਆ ਹੈ। ਬਿਜਲੀ ਮੰਤਰੀ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਕੋਲੇ ਦੀ ਘਾਟ ਨੂੰ ਦੂਰ ਕਰਨ ਅਤੇ ਲੋਕਾਂ ਤੇ ਇੰਡਸਟਰੀ ਨੂੰ ਬਿਨਾਂ ਰੁਕਾਵਟ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਤੁਰੰਤ ਠੋਸ ਕਦਮ ਚੁੱਕੇ। ਇੱਕ ਵੀਡੀਓ ਸੰਦੇਸ਼ ਵਿੱਚ ਬਿਜਲੀ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ, "ਦੇਸ਼ ਵਿੱਚ ਕੋਲੇ ਦੀ ਭਾਰੀ ਘਾਟ ਕਾਰਨ ਪੰਜਾਬ ਵਿੱਚ ਬਿਜਲੀ ਉਤਪਾਦਨ ਵਿੱਚ ਲਗਭਗ 1,500 ਮੈਗਾਵਾਟ ਦੀ ਗਿਰਾਵਟ ਆਈ ਹੈ। ਪਿਛਲੇ ਦੋ-ਤਿੰਨ ਦਿਨਾਂ ਤੋਂ ਰਾਜ ਵਿੱਚ ਬਿਜਲੀ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਨ ਮਜਬੂਰੀਵਸ਼ ਘਰੇਲੂ ਅਤੇ ਉਦਯੋਗਿਕ ਖੇਤਰਾਂ ਵਿੱਚ ਬਿਜਲੀ ਦੇ ਕੱਟ ਲਗਾਏ ਜਾ ਰਹੇ ਹਨ।"ਬਿਜਲੀ ਮੰਤਰੀ ਨੇ ਕਿਹਾ ਕਿ ਮੌਜੂਦਾ ਬਿਜਲੀ ਸੰਕਟ ਪਿੱਛੇ ਸਭ ਤੋਂ ਵੱਡਾ ਕਾਰਨ ਦੇਸ਼ ਭਰ ਵਿੱਚ ਕੋਲੇ ਦੀ ਭਾਰੀ ਘਾਟ ਹੈ। ਉਨ੍ਹਾਂ ਅੱਗੇ ਕਿਹਾ, "ਇਹ ਸਮੱਸਿਆ ਸਿਰਫ਼ ਪੰਜਾਬ ਤੱਕ ਹੀ ਸੀਮਤ ਨਹੀਂ ਹੈ, ਕਿਉਂਕਿ ਕੋਲੇ ਦੀ ਘਾਟ ਕਾਰਨ ਦੇਸ਼ ਭਰ ਵਿੱਚ ਲਗਭਗ 63 ਜੀ.ਡਬਲਯੂ. ਬਿਜਲੀ ਸਪਲਾਈ ਪ੍ਰਭਾਵਿਤ ਹੋਈ ਹੈ।"ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਦੇਸ਼ ਭਰ ਦੇ ਕਈ ਥਰਮਲ ਪਾਵਰ ਪਲਾਂਟਾਂ ਕੋਲ ਸਿਰਫ਼ ਤਿੰਨ ਤੋਂ ਚਾਰ ਦਿਨਾਂ ਦਾ ਹੀ ਕੋਲੇ ਦਾ ਸਟਾਕ ਬਚਿਆ ਹੈ ਅਤੇ ਨਤੀਜੇ ਵਜੋਂ ਉਹ ਆਪਣੀ ਅੱਧੀ ਸਮਰੱਥਾ 'ਤੇ ਚੱਲਣ ਲਈ ਮਜਬੂਰ ਹਨ। ਉਨ੍ਹਾਂ ਕਿਹਾ, "ਪੰਜਾਬ ਦੇ ਪ੍ਰਾਈਵੇਟ ਥਰਮਲ ਪਾਵਰ ਪਲਾਂਟ ਵੀ ਅਜਿਹੀ ਹੀ ਸਥਿਤੀ ਦਾ ਸਾਹਮਣਾ ਕਰ ਰਹੇ ਹਨ, ਜਿੱਥੇ ਕੋਲੇ ਦੀ ਘਾਟ ਕਾਰਨ ਅੱਧੀ ਸਮਰੱਥਾ 'ਤੇ ਬਿਜਲੀ ਉਤਪਾਦਨ ਹੋ ਰਿਹਾ ਹੈ।"ਦੂਜੇ ਪਾਸੇ, ਉਨ੍ਹਾਂ ਕਿਹਾ ਕਿ ਜਿਨ੍ਹਾਂ ਥਰਮਲ ਪਲਾਂਟਾਂ ਨੂੰ ਪੰਜਾਬ ਸਰਕਾਰ ਵੱਲੋਂ ਕੋਲੇ ਦੀ ਸਪਲਾਈ ਕੀਤੀ ਜਾਂਦੀ ਹੈ, ਉੱਥੇ ਰਾਜ ਸਰਕਾਰ ਦੇ ਯਤਨਾਂ ਕਰਕੇ ਅਜੇ ਵੀ ਲਗਭਗ 10 ਦਿਨਾਂ ਦਾ ਕੋਲਾ ਸਟਾਕ ਉਪਲਬਧ ਹੈ।ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਖਾਸ ਤੌਰ 'ਤੇ ਰਾਜਪੁਰਾ ਦੇ ਨਾਭਾ ਪਾਵਰ ਲਿਮਟਿਡ ਥਰਮਲ ਪਲਾਂਟ ਅਤੇ ਮਾਨਸਾ ਦੇ ਤਲਵੰਡੀ ਸਾਬੋ ਥਰਮਲ ਪਲਾਂਟ ਦਾ ਜ਼ਿਕਰ ਕੀਤਾ, ਜਿਨ੍ਹਾਂ ਨੂੰ ਕੇਂਦਰ ਸਰਕਾਰ ਵੱਲੋਂ ਕੋਲਾ ਸਪਲਾਈ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ, "ਕੇਂਦਰ ਸਰਕਾਰ ਕੋਲੇ ਦੀ ਪੂਰੀ ਸਪਲਾਈ ਯਕੀਨੀ ਬਣਾਉਣ ਵਿੱਚ ਅਸਮਰੱਥ ਰਹੀ ਹੈ, ਇਹ ਦੋਵੇਂ ਵੱਡੇ ਥਰਮਲ ਪਲਾਂਟ ਫਿਲਹਾਲ ਆਪਣੀ ਅੱਧੀ ਸਮਰੱਥਾ 'ਤੇ ਚੱਲਣ ਲਈ ਮਜਬੂਰ ਹਨ, ਜਿਸ ਨੇ ਬਿਜਲੀ ਦੀ ਘਾਟ ਨੂੰ ਹੋਰ ਵਧਾ ਦਿੱਤਾ ਹੈ ਅਤੇ ਪੰਜਾਬ ਦੇ ਬਿਜਲੀ ਪ੍ਰਬੰਧ ਨੂੰ ਪ੍ਰਭਾਵਿਤ ਕੀਤਾ ਹੈ।"ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ, "ਇਹ ਇੱਕ ਬਹੁਤ ਹੀ ਗੰਭੀਰ ਮੁੱਦਾ ਹੈ ਜੋ ਪੂਰੇ ਦੇਸ਼ ਨੂੰ ਪ੍ਰਭਾਵਿਤ ਕਰ ਰਿਹਾ ਹੈ। ਕੇਂਦਰ ਸਰਕਾਰ ਨੂੰ ਇਸ ਮੁੱਦੇ 'ਤੇ ਆਪਣੀ ਚੁੱਪ ਤੋੜਨੀ ਚਾਹੀਦੀ ਹੈ ਅਤੇ ਦੇਸ਼ ਦੇ ਲੋਕਾਂ ਨੂੰ ਸਪੱਸ਼ਟ ਤੌਰ 'ਤੇ ਦੱਸਣਾ ਚਾਹੀਦਾ ਹੈ ਕਿ ਕੋਲੇ ਦੀ ਇਸ ਘਾਟ 'ਤੇ ਕਾਬੂ ਪਾਉਣ ਲਈ ਕਿੰਨਾ ਸਮਾਂ ਲੱਗੇਗਾ, ਤਾਂ ਜੋ ਆਮ ਜਨਤਾ ਅਤੇ ਉਦਯੋਗਾਂ ਨੂੰ ਬਿਨਾਂ ਰੁਕਾਵਟ ਬਿਜਲੀ ਸਪਲਾਈ ਦਿੱਤੀ ਜਾ ਸਕੇ।"ਬਿਜਲੀ ਮੰਤਰੀ ਨੇ ਕਿਹਾ, "ਕੇਂਦਰ ਸਰਕਾਰ ਨੂੰ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਣਾ



ਚਾਹੀਦਾ ਹੈ ਅਤੇ ਕੋਲੇ ਦੀ ਘਾਟ ਨੂੰ ਦੂਰ ਕਰਨ ਲਈ ਤੁਰੰਤ ਠੋਸ ਅਤੇ ਯੋਗ ਕਦਮ ਚੁੱਕਣੇ ਚਾਹੀਦੇ ਹਨ। ਕੋਲੇ ਦੀ ਸਮੱਸਿਆ ਦਾ ਹੱਲ ਜਲਦ ਤੋਂ ਜਲਦ ਕੱਢਿਆ ਜਾਣਾ ਚਾਹੀਦਾ ਹੈ ਤਾਂ ਜੋ ਬਿਨਾਂ ਰੁਕਾਵਟ ਬਿਜਲੀ ਸਪਲਾਈ ਯਕੀਨੀ ਬਣਾਈ ਜਾ ਸਕੇ।"

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse,
DOT Supervisor Training, SAP Classes Etc.




Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com


Arrested ?
DUI ?
Drug Charges ?
Gun Violation ?
Ghuman Law Group
GLG
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


Pal Films
Production
All Your Photo/Videography &
Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

SANJHI SOCH
ਨਵਨੀਤ ਸਿੰਘ
9814509900



# ਅਧਿਆਪਕ ਦਿਵਸ: ਜਦੋਂ ਤਾੜੀਆਂ ਮੁੱਕ ਜਾਂਦੀਆਂ ਹਨ ਅਧਿਆਪਕ ਦੇ ਸਵਾਲ ਸ਼ੁਰੂ ਹੁੰਦੇ ਹਨ

5 ਸਤੰਬਰ ਆਉਂਦੇ ਹੀ ਅਧਿਆਪਕ ਅਚਾਨਕ ‘ਰਾਸ਼ਟਰ ਨਿਰਮਾਤਾ’ ਬਣ ਜਾਂਦਾ ਹੈ। ਸਕੂਲਾਂ ਵਿੱਚ ਸਮਾਗਮ ਹੁੰਦੇ ਹਨ, ਵਿਦਿਆਰਥੀ ਫੁੱਲ ਭੇਟ ਕਰਦੇ ਹਨ, ਮੰਚਾਂ ਤੋਂ ਅਧਿਆਪਕ ਦੀ ਮਹਾਨਤਾ ਦੇ ਕਸੀਦੇ ਪੜ੍ਹੇ ਜਾਂਦੇ ਹਨ ਅਤੇ ਸੋਸ਼ਲ ਮੀਡੀਆ ’ਤੇ ਵਧਾਈਆਂ ਦੇ ਸੁਨੇਹਿਆਂ ਦਾ ਹੜ੍ਹ ਆ ਜਾਂਦਾ ਹੈ। ਪਰ ਜਿਵੇਂ ਹੀ 5 ਸਤੰਬਰ ਲੰਘਦਾ ਹੈ, ਕੀ ਅਧਿਆਪਕ ਦੇ ਮਸਲੇ ਵੀ ਇਨ੍ਹਾਂ ਸੁਨੇਹਿਆਂ ਦੇ ਨਾਲ ਹੀ ਦਫ਼ਨ ਹੋ ਜਾਂਦੇ ਹਨ? ਇਹ ਸਵਾਲ ਅਧਿਆਪਕ ਦਿਵਸ ਦੀਆਂ ਰਸਮੀ ਵਧਾਈਆਂ ਨਾਲੋਂ ਕਿਤੇ ਵੱਧ ਗੰਭੀਰ ਹੈ।

ਭਾਰਤ ਵਿੱਚ ਅਧਿਆਪਕ ਦਿਵਸ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜਨਮ ਦਿਨ ਨੂੰ ਸਮਰਪਿਤ ਹੈ। ਉਨ੍ਹਾਂ ਲਈ ਸਿੱਖਿਆ ਦਾ ਅਰਥ ਮਹਿਜ਼ ਜਾਣਕਾਰੀ ਦੇਣਾ ਨਹੀਂ ਸੀ, ਸਗੋਂ ਅਜਿਹੇ ਮਨੁੱਖ ਘੜਨਾ ਸੀ ਜੋ ਗਿਆਨ ਦੇ ਨਾਲ ਵਿਵੇਕ, ਚਰਿੱਤਰ ਅਤੇ ਜ਼ਿੰਮੇਵਾਰੀ ਵੀ ਰੱਖਦੇ ਹੋਣ। ਪਰ ਅੱਜ ਦੀ ਸਿੱਖਿਆ ਪ੍ਰਣਾਲੀ ਨੂੰ ਵੇਖਦਿਆਂ ਇਹ ਪੁੱਛਣਾ ਬਣਦਾ ਹੈ ਕਿ ਕੀ ਅਸੀਂ ਸਿੱਖਿਆ ਨੂੰ ਅਜੇ ਵੀ ਮਨੁੱਖ ਨਿਰਮਾਣ ਦਾ ਸਾਧਨ ਮੰਨਦੇ ਹਾਂ ਜਾਂ ਇਸ ਨੂੰ ਅੰਕਾਂ, ਟੀਚਿਆਂ, ਰਿਪੋਰਟਾਂ ਅਤੇ ਅੰਕੜਿਆਂ ਦੀ ਪ੍ਰਸ਼ਾਸਨਿਕ ਕਸਰਤ ਬਣਾ ਦਿੱਤਾ ਹੈ?

ਅਧਿਆਪਕ ਦਾ ਕੰਮ ਸਿਰਫ਼ ਪਾਠਕ੍ਰਮ ਮੁਕੰਮਲ ਕਰਵਾਉਣਾ ਨਹੀਂ। ਉਹ ਬੱਚੇ ਨੂੰ ਸੋਚਣਾ, ਸਵਾਲ ਕਰਨਾ, ਤਰਕ ਕਰਨਾ ਅਤੇ ਅਸਫਲਤਾ ਤੋਂ ਬਾਅਦ ਮੁੜ ਖੜ੍ਹਨਾ ਸਿਖਾਉਂਦਾ ਹੈ। ਕਈ ਵਾਰ ਅਧਿਆਪਕ ਦੀ ਇੱਕ ਸਹੀ ਗੱਲ ਵਿਦਿਆਰਥੀ ਦੀ ਪੂਰੀ ਜ਼ਿੰਦਗੀ ਦੀ ਦਿਸ਼ਾ ਬਦਲ ਦਿੰਦੀ ਹੈ। ਵਿਡੰਬਨਾ ਇਹ ਹੈ ਕਿ ਜਿਸ ਅਧਿਆਪਕ ਤੋਂ ਅਸੀਂ ਬੱਚਿਆਂ ਦੀ ਸੋਚ ਨੂੰ ਆਜ਼ਾਦ ਕਰਨ ਦੀ ਉਮੀਦ ਰੱਖਦੇ ਹਾਂ, ਉਸ ਦਾ ਆਪਣਾ ਵੱਡਾ ਸਮਾਂ ਅਜਿਹੇ ਪ੍ਰਸ਼ਾਸਨਿਕ ਕੰਮਾਂ ਵਿੱਚ ਖਰਚ ਹੋ ਜਾਂਦਾ ਹੈ, ਜਿਨ੍ਹਾਂ ਦਾ ਪੜ੍ਹਾਈ ਨਾਲ ਸਿੱਧਾ ਸਬੰਧ ਹੀ ਨਹੀਂ ਹੁੰਦਾ।

ਅਧਿਆਪਕ ਨੇ ਪੜ੍ਹਾਉਣਾ ਹੈ ਜਾਂ ਹਰ ਰੋਜ਼ ਨਵੇਂ ਅੰਕੜੇ ਭਰਨੇ ਹਨ? ਬੱਚੇ ਦੀ ਕਾਪੀ ਦੇਖਣੀ ਹੈ ਜਾਂ ਰਿਪੋਰਟਾਂ ਤਿਆਰ ਕਰਨੀਆਂ ਹਨ? ਕਮਜ਼ੋਰ ਵਿਦਿਆਰਥੀ ਨੂੰ ਵਾਧੂ ਸਮਾਂ ਦੇਣਾ ਹੈ ਜਾਂ ਵਿਭਾਗੀ ਕਾਰਜਾਂ ਦੀ ਪੂਰਤੀ ਲਈ ਦੌੜ-ਭੱਜ ਕਰਨੀ ਹੈ? ਇਹ ਸਿਰਫ਼ ਅਧਿਆਪਕ ਦੇ ਸਵਾਲ ਨਹੀਂ, ਸਾਡੀ ਸਿੱਖਿਆ ਨੀਤੀ ਦੀ ਦਿਸ਼ਾ ’ਤੇ ਵੀ ਸਵਾਲੀਆ ਨਿਸ਼ਾਨ ਹਨ।

ਅਸੀਂ ਸਿੱਖਿਆ ਦੀ ਗੁਣਵੱਤਾ ਸੁਧਾਰਨ ਦੀ ਗੱਲ ਤਾਂ ਬਹੁਤ ਕਰਦੇ ਹਾਂ, ਪਰ ਗੁਣਵੱਤਾ ਦੀ ਪਹਿਲੀ ਸ਼ਰਤ ਅਧਿਆਪਕ ਨੂੰ ਪੜ੍ਹਾਉਣ ਲਈ ਸਮਾਂ ਅਤੇ ਸੁਖਾਵਾਂ ਮਾਹੌਲ ਦੇਣਾ ਹੈ। ਕਲਾਸਰੂਮ ਵਿੱਚ ਅਧਿਆਪਕ ਜਿੰਨਾ ਵੱਧ ਸਮਾਂ ਵਿਦਿਆਰਥੀ ਨਾਲ ਬਿਤਾਏਗਾ, ਉਨੀ ਹੀ ਡੂੰਘਾਈ ਨਾਲ ਉਹ ਉਸ ਦੀਆਂ ਲੋੜਾਂ, ਕਮਜ਼ੋਰੀਆਂ ਅਤੇ ਸਮਰੱਥਾਵਾਂ ਨੂੰ ਸਮਝ ਸਕੇਗਾ। ਜੇ ਸਿੱਖਿਆ ਦਾ ਕੇਂਦਰ ਵਿਦਿਆਰਥੀ ਹੈ ਤਾਂ ਪ੍ਰਬੰਧ ਦਾ ਕੇਂਦਰ ਵੀ ਕਲਾਸਰੂਮ ਹੀ ਹੋਣਾ ਚਾਹੀਦਾ ਹੈ, ਨਾ ਕਿ ਫ਼ਾਈਲਾਂ ਅਤੇ ਰਿਪੋਰਟਾਂ।

ਇਸੇ ਨਾਲ ਅਧਿਆਪਕ ਦੇ ਮਨੋਬਲ ਦਾ ਸਵਾਲ ਜੁੜਿਆ ਹੋਇਆ ਹੈ। ਜਿਸ ਵਿਅਕਤੀ ਤੋਂ ਅਸੀਂ ਨਵੀਂ ਪੀੜ੍ਹੀ ਵਿੱਚ ਆਤਮਵਿਸ਼ਵਾਸ ਪੈਦਾ ਕਰਨ ਦੀ ਉਮੀਦ ਕਰਦੇ ਹਾਂ, ਕੀ ਉਸ ਦੇ ਆਪਣੇ ਭਵਿੱਖ ਬਾਰੇ ਵੀ ਭਰੋਸਾ ਪੈਦਾ ਕੀਤਾ ਜਾ ਰਿਹਾ ਹੈ? ਤਰੱਕੀਆਂ, ਸੇਵਾ-ਸਬੰਧੀ ਮਸਲੇ, ਤਨਖ਼ਾਹ ਤੇ ਭੱਤੇ, ਪੈਨਸ਼ਨ, ਤਬਾਦਲੇ ਅਤੇ ਕੰਮ ਦਾ ਬੋਝ—ਇਹ ਮਹਿਜ਼ ਮੁਲਾਜ਼ਮਾਂ ਦੇ ਨਿੱਜੀ ਮਸਲੇ ਨਹੀਂ। ਇਨ੍ਹਾਂ ਦਾ ਸਿੱਧਾ ਅਸਰ ਉਸ ਮਨੋਦਸ਼ਾ ’ਤੇ ਪੈਂਦਾ ਹੈ ਜਿਸ ਨਾਲ ਅਧਿਆਪਕ ਹਰ ਰੋਜ਼ ਕਲਾਸ ਵਿੱਚ ਦਾਖ਼ਲ ਹੁੰਦਾ ਹੈ।

ਇੱਕ ਹੋਰ ਬੁਨਿਆਦੀ ਸਵਾਲ ਹੈ ਕੀ ਅਸੀਂ ਅਧਿਆਪਕ ’ਤੇ ਭਰੋਸਾ ਕਰਦੇ ਹਾਂ? ਜੇ ਹਰ ਕੰਮ ਲਈ ਨਵਾਂ ਹੁਕਮ, ਨਵੀਂ ਹਦਾਇਤ ਅਤੇ ਨਵੀਂ ਰਿਪੋਰਟ ਲਾਜ਼ਮੀ ਬਣ ਜਾਵੇ ਤਾਂ ਅਧਿਆਪਕ ਦੀ ਪੇਸ਼ੇਵਰ ਸਮਰੱਥਾ ਅਤੇ ਤਜਰਬੇ ਦਾ ਅਰਥ ਕੀ ਰਹਿ ਜਾਂਦਾ ਹੈ? ਜਵਾਬਦੇਹੀ ਬੇਸ਼ੱਕ ਹੋਣੀ ਚਾਹੀਦੀ ਹੈ, ਪਰ ਜਵਾਬਦੇਹੀ ਦਾ ਮਤਲਬ ਅਵਿਸ਼ਵਾਸ ਨਹੀਂ। ਮਜ਼ਬੂਤ ਸਿੱਖਿਆ ਪ੍ਰਣਾਲੀ ਉਹ ਹੈ ਜੋ ਆਪਣੇ ਅਧਿਆਪਕ ਨੂੰ ਹਰ ਵੇਲੇ ਨਿਗਰਾਨੀ ਹੇਠ ਰੱਖਣ ਦੀ ਬਜਾਏ ਉਸ ਦੀ ਯੋਗਤਾ ’ਤੇ ਭਰੋਸਾ ਕਰੇ। ਤਕਨਾਲੋਜੀ ਅਤੇ ਏ.ਆਈ. ਨੇ ਸਿੱਖਿਆ ਦੀ ਦੁਨੀਆ ਨੂੰ ਤੇਜ਼ੀ ਨਾਲ ਬਦਲ ਦਿੱਤਾ ਹੈ। ਵਿਦਿਆਰਥੀ ਕੋਲ ਜਾਣਕਾਰੀ ਦੀ ਕੋਈ ਘਾਟ ਨਹੀਂ। ਇੱਕ ਕਲਿੱਕ ਨਾਲ ਹਜ਼ਾਰਾਂ ਜਵਾਬ ਸਾਹਮਣੇ ਆ ਜਾਂਦੇ ਹਨ। ਪਰ ਕੀ ਹਰ ਜਵਾਬ ਸਹੀ ਹੈ? ਕੀ ਹਰ ਜਾਣਕਾਰੀ ਗਿਆਨ ਹੈ? ਅਤੇ ਕੀ ਗਿਆਨ ਆਪਣੇ ਆਪ ਵਿਵੇਕ ਪੈਦਾ ਕਰ ਦਿੰਦਾ ਹੈ? ਇੱਥੇ ਅਧਿਆਪਕ ਦੀ ਲੋੜ ਹੋਰ ਵਧ ਜਾਂਦੀ ਹੈ। ਮਸ਼ੀਨ ਜਵਾਬ ਦੇ ਸਕਦੀ ਹੈ, ਪਰ ਸਹੀ ਸਵਾਲ ਪੁੱਛਣ ਦੀ ਕਲਾ, ਨੈਤਿਕ ਫ਼ੈਸਲੇ ਦੀ ਸਮਝ ਅਤੇ ਮਨੁੱਖੀ ਸੰਵੇਦਨਾ ਕੋਈ ਮਸ਼ੀਨ ਆਪਣੇ ਆਪ ਨਹੀਂ ਦੇ ਸਕਦੀ। ਇਸ ਲਈ ਅਧਿਆਪਕ ਨੂੰ ਤਕਨਾਲੋਜੀ ਦਾ ਮੁਕਾਬਲਾ ਕਰਨ ਵਾਲਾ ਨਹੀਂ, ਸਗੋਂ ਉਸ ਦੀ ਸਹੀ ਵਰਤੋਂ ਕਰਵਾਉਣ ਵਾਲਾ ਪੇਸ਼ੇਵਰ ਬਣਾਉਣ ਦੀ ਲੋੜ ਹੈ। ਉਸ ਨੂੰ ਸਿਖਲਾਈ, ਸਰੋਤ ਅਤੇ ਨਵੇਂ ਤਜਰਬੇ ਕਰਨ ਦੀ ਆਜ਼ਾਦੀ ਦੇਣੀ ਪਵੇਗੀ। ਸਿਰਫ਼ ਨਵੀਂ ਐਪ, ਨਵਾਂ ਪੋਰਟਲ ਜਾਂ ਨਵਾਂ ਹੁਕਮ ਜਾਰੀ ਕਰ ਦੇਣ ਨਾਲ ਸਿੱਖਿਆ ਆਧੁਨਿਕ ਨਹੀਂ ਬਣਦੀ। ਸਿੱਖਿਆ ਦੀ ਜ਼ਿੰਮੇਵਾਰੀ ਸਿਰਫ਼ ਸਕੂਲ ਦੀ ਚਾਰਦੀਵਾਰੀ ਤੱਕ ਸੀਮਤ ਨਹੀਂ। ਮਾਪਿਆਂ ਅਤੇ ਸਮਾਜ ਨੂੰ ਵੀ ਆਪਣੀ ਸੋਚ ਬਦਲਣੀ ਪਵੇਗੀ। ਬੱਚੇ ਦੀ ਸਫਲਤਾ ਨੂੰ ਕੇਵਲ ਅੰਕਾਂ ਅਤੇ ਪ੍ਰਤੀਸ਼ਤ ਨਾਲ ਤੋਲਣ ਦੀ ਬਜਾਏ ਉਸ ਦੀ ਸੋਚ, ਰਚਨਾਤਮਕਤਾ, ਵਿਵਹਾਰ, ਨੈਤਿਕਤਾ ਅਤੇ ਸੰਵੇਦਨਸ਼ੀਲਤਾ ਨੂੰ ਵੀ ਮਾਪਦੰਡ ਬਣਾਉਣਾ ਪਵੇਗਾ। ਜੇ ਸਿੱਖਿਆ ਨੂੰ ਸਿਰਫ਼ ਨੌਕਰੀ ਹਾਸਲ ਕਰਨ ਦਾ ਸਾਧਨ ਬਣਾ ਦਿੱਤਾ ਗਿਆ ਤਾਂ ਪੜ੍ਹੇ-ਲਿਖੇ ਲੋਕ ਤਾਂ ਪੈਦਾ ਹੋ ਸਕਦੇ ਹਨ, ਪਰ ਜ਼ਿੰਮੇਵਾਰ ਨਾਗਰਿਕ ਪੈਦਾ ਹੋਣ ਦੀ ਕੋਈ ਗਾਰੰਟੀ ਨਹੀਂ। ਅਧਿਆਪਕ ਦਿਵਸ ਸਰਕਾਰ ਦੀਆਂ ਸਿੱਖਿਆ ਤਰਜੀਹਾਂ ਨੂੰ ਪਰਖਣ ਦਾ ਮੌਕਾ ਵੀ ਹੈ। ਸਿੱਖਿਆ ’ਤੇ ਹੋਣ ਵਾਲਾ ਖ਼ਰਚ ਸਿਰਫ਼ ਬਜਟ ਦੀ ਇੱਕ ਮੱਦ ਨਹੀਂ, ਦੇਸ਼ ਦੇ ਭਵਿੱਖ ਵਿੱਚ ਨਿਵੇਸ਼ ਹੈ। ਚੰਗੇ ਸਕੂਲ, ਲੋੜੀਂਦਾ ਸਟਾਫ਼, ਬੁਨਿਆਦੀ ਸਹੂਲਤਾਂ, ਆਧੁਨਿਕ ਸਾਧਨ ਅਤੇ ਸਨਮਾਨਜਨਕ ਕਾਰਜ-ਵਾਤਾਵਰਣ ਕਿਸੇ ਵੀ ਸਰਕਾਰ ਦੀਆਂ ਮੁੱਢਲੀਆਂ ਜ਼ਿੰਮੇਵਾਰੀਆਂ ਹਨ। ਸਿੱਖਿਆ ਵਿੱਚ ਕੀਤੀ ਅਣਦੇਖੀ ਦਾ ਨੁਕਸਾਨ ਤੁਰੰਤ ਅੰਕੜਿਆਂ ਵਿੱਚ ਨਹੀਂ ਦਿਸਦਾ, ਪਰ ਇਸ ਦੀ ਕੀਮਤ ਪੂਰੀ ਪੀੜ੍ਹੀ ਨੂੰ ਚੁਕਾਉਣੀ ਪੈ ਸਕਦੀ ਹੈ। ਅਸਲ ਵਿੱਚ ਅਧਿਆਪਕ ਦਿਵਸ ਸਿਰਫ਼ ਧੰਨਵਾਦ ਕਰਨ ਦਾ ਦਿਨ ਨਹੀਂ, ਸਗੋਂ ਆਪਣੇ ਸਿੱਖਿਆ ਪ੍ਰਬੰਧ ਦਾ ਹਿਸਾਬ ਮੰਗਣ ਦਾ ਦਿਨ ਵੀ ਹੋਣਾ ਚਾਹੀਦਾ ਹੈ। ਜੇ ਮੰਚਾਂ ’ਤੇ ਅਧਿਆਪਕ ਨੂੰ ‘ਰਾਸ਼ਟਰ ਨਿਰਮਾਤਾ’ ਕਹਿਣ ਵਾਲੀ ਸਰਕਾਰ ਉਸ ਦੀਆਂ ਜਾਇਜ਼ ਚਿੰਤਾਵਾਂ ਸੁਣਨ ਲਈ ਤਿਆਰ ਨਹੀਂ, ਜੇ ਉਸ ਨੂੰ ਪੜ੍ਹਾਉਣ ਨਾਲੋਂ ਪ੍ਰਬੰਧਕੀ ਕੰਮਾਂ ਵਿੱਚ ਵਧੇਰੇ ਉਲਝਾਇਆ ਜਾਂਦਾ ਹੈ ਅਤੇ ਜੇ ਨੀਤੀ ਬਣਾਉਣ ਵੇਲੇ ਉਸ ਦੇ ਤਜਰਬੇ ਨੂੰ ਪਾਸੇ ਰੱਖ ਦਿੱਤਾ ਜਾਂਦਾ ਹੈ ਤਾਂ ਸ਼ਬਦਾਂ ਅਤੇ ਅਮਲ ਵਿਚਲਾ ਫ਼ਰਕ ਸਾਫ਼ ਦਿਖਾਈ ਦਿੰਦਾ ਹੈ। ਅਧਿਆਪਕ ਨੂੰ ਫੁੱਲ ਦੇਣਾ ਆਸਾਨ ਹੈ; ਉਸ ਨੂੰ ਭਰੋਸਾ ਦੇਣਾ ਔਖਾ ਹੈ। ਪ੍ਰਸ਼ੰਸਾ ਪੱਤਰ ਦੇਣਾ ਸੌਖਾ ਹੈ; ਉਸ ਦੀਆਂ ਜਾਇਜ਼ ਸਮੱਸਿਆਵਾਂ ਦਾ ਹੱਲ ਕਰਨਾ ਔਖਾ ਹੈ। ਮੰਚ ਤੋਂ ‘ਰਾਸ਼ਟਰ ਨਿਰਮਾਤਾ’ ਕਹਿਣਾ ਸੌਖਾ ਹੈ; ਉਸ ਨੂੰ ਰਾਸ਼ਟਰ ਨਿਰਮਾਣ ਲਈ ਲੋੜੀਂਦਾ ਮਾਹੌਲ ਦੇਣਾ ਅਸਲ ਇਮਤਿਹਾਨ ਹੈ। ਇਸ ਲਈ 5 ਸਤੰਬਰ ਨੂੰ ਜੇ ਅਸੀਂ ਅਧਿਆਪਕ ਨੂੰ ਸੱਚੀ ਸ਼ਰਧਾ ਨਾਲ ਯਾਦ ਕਰਨਾ ਚਾਹੁੰਦੇ ਹਾਂ ਤਾਂ ਇੱਕ ਦਿਨ ਦੀਆਂ ਵਧਾਈਆਂ ਤੋਂ ਅੱਗੇ ਵਧਣਾ ਪਵੇਗਾ। ਅਧਿਆਪਕ ਕੋਲ ਪੜ੍ਹਾਉਣ ਲਈ ਸਮਾਂ ਹੋਵੇ, ਫ਼ੈਸਲੇ ਕਰਨ ਲਈ ਭਰੋਸਾ ਹੋਵੇ, ਨਵਾਂ ਸਿੱਖਣ ਲਈ ਮੌਕੇ ਹੋਣ ਅਤੇ ਆਪਣੇ ਭਵਿੱਖ ਬਾਰੇ ਨਿਸ਼ਚਿੰਤ ਰਹਿਣ ਦਾ ਹੱਕ ਹੋਵੇ ਇਹ ਯਕੀਨੀ ਬਣਾਉਣਾ ਹੀ ਅਸਲ ਕਸੌਟੀ ਹੈ। ਕਿਉਂਕਿ ਅਧਿਆਪਕ ਦੀ ਕਦਰ ਉਸ ਦਿਨ ਨਹੀਂ ਹੁੰਦੀ ਜਦੋਂ ਉਸ ਲਈ ਮੰਚ ਸਜਾਇਆ ਜਾਂਦਾ ਹੈ। ਅਸਲ ਕਦਰ ਉਸ ਵੇਲੇ ਹੁੰਦੀ ਹੈ ਜਦੋਂ ਨੀਤੀ ਬਣਾਉਣ ਵਾਲੇ ਇਹ ਸਮਝਦੇ ਹਨ ਕਿ ਦੇਸ਼ ਦਾ ਭਵਿੱਖ ਸਿਰਫ਼ ਭਾਸ਼ਣਾਂ ਵਿੱਚ ਨਹੀਂ, ਹਰ ਰੋਜ਼ ਇੱਕ ਅਧਿਆਪਕ ਦੇ ਹੱਥਾਂ ਵਿੱਚ ਘੜਿਆ ਜਾ ਰਿਹਾ ਹੈ। ਅਤੇ ਸ਼ਾਇਦ ਅਧਿਆਪਕ ਦਿਵਸ ਦਾ ਸਭ ਤੋਂ ਔਖਾ, ਪਰ ਸਭ ਤੋਂ ਸੱਚਾ ਸਵਾਲ ਵੀ ਇਹੀ ਹੈ ਅਸੀਂ ਅਧਿਆਪਕ ਨੂੰ ਸਿਰਫ਼ ਸਲਾਮ ਕਰਨਾ ਚਾਹੁੰਦੇ ਹਾਂ ਜਾਂ ਉਸ ਦੀ ਗੱਲ ਵੀ ਸੁਣਨਾ ਚਾਹੁੰਦੇ ਹਾਂ?







web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# TAKE CONTROL OF YOUR HEALTH!®

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW!



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**

**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899    (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**



ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

# ਜੀਪੀਐਸ– ਡਿਜ਼ੀਟਲ ਦੁਨੀਆ ਦਾ ਅਦਿੱਖ ਅੰਗ–ਰੱਖਿਅਕ

ਅਸੀਂ ਅਜਿਹੇ ਡਿਜ਼ੀਟਲ ਯੁੱਗ ਵਿੱਚ ਜੀ ਰਹੇ ਹਾਂ ਜਿੱਥੇ ਤਕਨੀਕ ਸਾਡੀ ਰੋਜ਼ਾਨਾ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਚੁੱਕੀ ਹੈ। ਸੰਚਾਰ, ਸਿੱਖਿਆ, ਆਵਾਜਾਈ, ਬੈਂਕਿੰਗ, ਵਪਾਰ ਅਤੇ ਮਨੋਰੰਜਨ ਤੋਂ ਲੈ ਕੇ ਐਮਰਜੈਂਸੀ ਸੇਵਾਵਾਂ ਤੱਕ, ਡਿਜ਼ੀਟਲ ਤਕਨੀਕ ਨੇ ਸਾਡੇ ਜੀਵਨ ਅਤੇ ਕੰਮ ਕਰਨ ਦੇ ਢੰਗ ਨੂੰ ਬਦਲ ਦਿੱਤਾ ਹੈ। ਇਸ ਆਧੁਨਿਕ ਡਿਜ਼ੀਟਲ ਪ੍ਰਣਾਲੀ ਨੂੰ ਚੁੱਪਚਾਪ ਸਹਾਰਾ ਦੇਣ ਵਾਲੀਆਂ ਤਕਨੀਕਾਂ ਵਿੱਚ ਜੀਪੀਐਸ (ਘਲੋਬਓਲ ਫੋਸਿਟਿਨਿਨਗ ਸ਼ੇਸਟਇਮ) ਦਾ ਸਥਾਨ ਬਹੁਤ ਮਹੱਤਵਪੂਰਨ ਹੈ। ਕਦੇ ਜੀਪੀਐਸ ਨੂੰ ਸਿਰਫ਼ ਨਕਸ਼ਿਆਂ ਅਤੇ ਰਸਤਾ ਲੱਭਣ ਵਾਲੀ ਤਕਨੀਕ ਸਮਝਿਆ ਜਾਂਦਾ ਸੀ, ਪਰ ਅੱਜ ਇਹ ਡਿਜ਼ੀਟਲ ਦੁਨੀਆ ਦੀ ਇੱਕ ਅਹਿਮ ਬੁਨਿਆਦੀ ਲੋੜ ਬਣ ਚੁੱਕਾ ਹੈ।

ਜੀਪੀਐਸ ਇੱਕ ਉਪਗ੍ਰਹਿ-ਆਧਾਰਿਤ ਸਥਿਤੀ-ਨਿਰਧਾਰਨ ਪ੍ਰਣਾਲੀ ਹੈ, ਜੋ ਧਰਤੀ ਉੱਤੇ ਕਿਸੇ ਵਿਅਕਤੀ, ਵਾਹਨ ਜਾਂ ਡਿਜ਼ੀਟਲ ਉਪਕਰਨ ਦੀ ਸਥਿਤੀ ਦਾ ਪਤਾ ਲਗਾਉਣ ਵਿੱਚ ਮਦਦ ਕਰਦੀ ਹੈ। ਇਹ ਧਰਤੀ ਦੇ ਆਲੇ-ਦੁਆਲੇ ਚੱਕਰ ਲਗਾ ਰਹੇ ਉਪਗ੍ਰਹਿਆਂ ਤੋਂ ਪ੍ਰਾਪਤ ਸੰਕੇਤਾਂ ਦੀ ਮਦਦ ਨਾਲ ਕੰਮ ਕਰਦੀ ਹੈ। ਅੱਜ ਜੀਪੀਐਸ ਸਾਡੇ ਸਮਾਰਟਫੋਨਾਂ, ਕਾਰਾਂ, ਸਮਾਰਟ ਘੜੀਆਂ, ਡਿਲੀਵਰੀ ਪ੍ਰਣਾਲੀਆਂ, ਹਵਾਈ ਜਹਾਜ਼ਾਂ, ਜਹਾਜ਼ਾਂ, ਐਮਰਜੈਂਸੀ ਸੇਵਾਵਾਂ ਅਤੇ ਅਨੇਕਾਂ ਡਿਜ਼ੀਟਲ ਐਪਲੀਕੇਸ਼ਨਾਂ ਵਿੱਚ ਮੌਜੂਦ ਹੈ।

ਇੱਕ ਸਮਾਂ ਸੀ ਜਦੋਂ ਕਿਸੇ ਅਣਜਾਣ ਥਾਂ ’ਤੇ ਜਾਣ ਲਈ ਲੋਕਾਂ ਨੂੰ ਰਾਹ ਪੁੱਛਣਾ ਪੈਂਦਾ ਸੀ, ਕਾਗਜ਼ੀ ਨਕਸ਼ੇ ਨਾਲ ਲੈ ਕੇ ਜਾਣੇ ਪੈਂਦੇ ਸਨ ਜਾਂ ਸਥਾਨਕ ਲੋਕਾਂ ਦੇ ਗਿਆਨ ’ਤੇ ਨਿਰਭਰ ਰਹਿਣਾ ਪੈਂਦਾ ਸੀ। ਅੱਜ ਇੱਕ ਸਮਾਰਟਫੋਨ ਸਾਨੂੰ ਕੁਝ ਹੀ ਪਲਾਂ ਵਿੱਚ ਸਾਡੀ ਮੌਜੂਦਾ ਸਥਿਤੀ ਦੱਸ ਸਕਦਾ ਹੈ ਅਤੇ ਮੰਜ਼ਿਲ ਤੱਕ ਪਹੁੰਚਣ ਲਈ ਸਭ ਤੋਂ ਢੁਕਵਾਂ ਰਸਤਾ ਸੁਝਾ ਸਕਦਾ ਹੈ। ਡਿਜ਼ੀਟਲ ਨਕਸ਼ੇ ਨਾ ਸਿਰਫ਼ ਰਸਤਾ ਦਿਖਾਉਂਦੇ ਹਨ, ਸਗੋਂ ਯਾਤਰਾ ਦਾ ਅਨੁਮਾਨਿਤ ਸਮਾਂ, ਆਵਾਜਾਈ ਦੀ ਸਥਿਤੀ ਅਤੇ ਵਿਕਲਪਕ ਰਸਤੇ ਬਾਰੇ ਵੀ ਜਾਣਕਾਰੀ ਦਿੰਦੇ ਹਨ। ਇਸ ਤਰ੍ਹਾਂ ਜੀਪੀਐਸ ਨੇ ਯਾਤਰਾ ਨੂੰ ਆਸਾਨ, ਤੇਜ਼ ਅਤੇ ਵਧੇਰੇ ਭਰੋਸੇਮੰਦ ਬਣਾ ਦਿੱਤਾ ਹੈ। ਚਾਹੇ ਕੋਈ ਵਿਅਕਤੀ ਭੀੜ-ਭੜੱਕੇ ਵਾਲੇ ਸ਼ਹਿਰ ਵਿੱਚ ਗੱਡੀ ਚਲਾ ਰਿਹਾ ਹੋਵੇ, ਕਿਸੇ ਪਿੰਡ ਵੱਲ ਜਾ ਰਿਹਾ ਹੋਵੇ ਜਾਂ ਕਿਸੇ ਅਣਜਾਣ ਦੇਸ਼ ਦੀ ਯਾਤਰਾ ਕਰ ਰਿਹਾ ਹੋਵੇ ਡਿਜ਼ੀਟਲ ਨੇਵੀਗੇਸ਼ਨ ਲਗਾਤਾਰ ਮਾਰਗਦਰਸ਼ਨ ਪ੍ਰਦਾਨ ਕਰ ਸਕਦੀ ਹੈ।

ਆਧੁਨਿਕ ਆਵਾਜਾਈ ਪ੍ਰਣਾਲੀ ਵੀ ਸਥਿਤੀ-ਨਿਰਧਾਰਨ ਤਕਨੀਕ ’ਤੇ ਬਹੁਤ ਨਿਰਭਰ ਕਰਦੀ ਹੈ। ਕਾਰਾਂ, ਟੈਕਸੀਆਂ, ਬੱਸਾਂ, ਰੇਲਗੱਡੀਆਂ, ਜਹਾਜ਼ਾਂ ਅਤੇ ਹਵਾਈ ਜਹਾਜ਼ਾਂ ਦੀ ਨਿਗਰਾਨੀ, ਰਸਤਾ-ਪ੍ਰਬੰਧਨ ਅਤੇ ਆਵਾਜਾਈ ਲਈ ਜੀਪੀਐਸ ਦੀ ਮਹੱਤਵਪੂਰਨ ਭੂਮਿਕਾ ਹੈ। ਰਾਈਡ-ਸ਼ੇਅਰਿੰਗ ਅਤੇ ਟੈਕਸੀ ਐਪਲੀਕੇਸ਼ਨਾਂ ਜੀਪੀਐਸ ਦੀ ਮਦਦ ਨਾਲ ਯਾਤਰੀਆਂ ਨੂੰ ਨੇੜਲੇ ਡਰਾਈਵਰਾਂ ਨਾਲ ਜੋੜਦੀਆਂ ਹਨ। ਇਸੇ ਤਰ੍ਹਾਂ ਡਿਲੀਵਰੀ ਕੰਪਨੀਆਂ ਵਾਹਨਾਂ ਦੀ ਸਥਿਤੀ ਜਾਣਨ ਅਤੇ ਕੁਸ਼ਲ ਰਸਤੇ ਤੈਅ ਕਰਨ ਲਈ ਜੀਪੀਐਸ ਦੀ ਵਰਤੋਂ ਕਰਦੀਆਂ ਹਨ। ਗਾਹਕ ਵੀ ਕਈ ਵਾਰ ਇਹ ਦੇਖ ਸਕਦਾ ਹੈ ਕਿ ਉਸ ਦਾ ਸਮਾਨ ਕਿੱਥੇ ਪਹੁੰਚਿਆ ਹੈ ਅਤੇ ਕਦੋਂ ਤੱਕ ਉਸ ਦੇ ਘਰ ਆਵੇਗਾ।ਇਸ ਨੇ ਆਵਾਜਾਈ ਅਤੇ ਡਿਲੀਵਰੀ ਸੇਵਾਵਾਂ ਨੂੰ ਵਧੇਰੇ ਪਾਰਦਰਸ਼ੀ ਅਤੇ ਕੁਸ਼ਲ ਬਣਾਇਆ ਹੈ।

ਜੀਪੀਐਸ ਦੀ ਸਭ ਤੋਂ ਮਹੱਤਵਪੂਰਨ ਵਰਤੋਂ ਐਮਰਜੈਂਸੀ ਸੇਵਾਵਾਂ ਵਿੱਚ ਹੁੰਦੀ ਹੈ। ਜੇ ਕੋਈ ਵਿਅਕਤੀ ਰਸਤਾ ਭੁੱਲ ਜਾਵੇ, ਜ਼ਖ਼ਮੀ ਹੋ ਜਾਵੇ ਜਾਂ ਆਪਣੀ ਸਥਿਤੀ ਬਾਰੇ ਸਹੀ ਜਾਣਕਾਰੀ ਨਾ ਦੇ ਸਕੇ ਤਾਂ ਸਥਿਤੀ-ਨਿਰਧਾਰਨ ਤਕਨੀਕ ਰਾਹਤ ਕਰਮਚਾਰੀਆਂ ਨੂੰ ਉਸ ਤੱਕ ਪਹੁੰਚਣ ਵਿੱਚ ਮਦਦ ਕਰ ਸਕਦੀ ਹੈ। ਹੜ੍ਹਾਂ, ਭੂਚਾਲਾਂ, ਭੂ-ਸਖਲਨਾਂ ਅਤੇ ਜੰਗਲਾਂ ਦੀਆਂ ਅੱਗਾਂ ਵਰਗੀਆਂ ਕੁਦਰਤੀ ਆਫ਼ਤਾਂ ਦੌਰਾਨ ਸਹੀ ਸਥਿਤੀ ਦੀ ਜਾਣਕਾਰੀ ਰਾਹਤ ਅਤੇ ਬਚਾਅ ਕਾਰਜਾਂ ਨੂੰ ਵਧੀਆ ਢੰਗ ਨਾਲ ਚਲਾਉਣ ਵਿੱਚ ਸਹਾਇਕ ਹੁੰਦੀ ਹੈ। ਲਾਪਤਾ ਵਿਅਕਤੀਆਂ ਦੀ ਭਾਲ ਅਤੇ ਐਮਰਜੈਂਸੀ ਵਾਹਨਾਂ ਦੀ ਨਿਗਰਾਨੀ ਵਿੱਚ ਵੀ ਜੀਪੀਐਸ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਇਸ ਲਈ ਜੀਪੀਐਸ ਸਿਰਫ਼ ਸੁਵਿਧਾ ਨਹੀਂ; ਕਈ ਹਾਲਾਤਾਂ ਵਿੱਚ ਇਹ ਜੀਵਨ ਬਚਾਉਣ ਵਾਲੀ ਤਕਨਾਲੋਜੀ ਵੀ ਸਾਬਤ ਹੋ ਸਕਦੀ ਹੈ।

ਡਿਜ਼ੀਟਲ ਕ੍ਰਾਂਤੀ ਨੇ ਖੇਤੀਬਾੜੀ ਦੇ ਖੇਤਰ ਨੂੰ ਵੀ ਪ੍ਰਭਾਵਿਤ ਕੀਤਾ ਹੈ। ਜੀਪੀਐਸ-ਆਧਾਰਿਤ ਉਪਕਰਨ ਕਿਸਾਨਾਂ ਨੂੰ ਖੇਤਾਂ ਦੀ ਸਥਿਤੀ ਸਮਝਣ, ਖੇਤੀਬਾੜੀ ਮਸ਼ੀਨਰੀ ਲਈ ਰਸਤੇ ਤੈਅ ਕਰਨ ਅਤੇ ਬੀਜਾਂ, ਖਾਦਾਂ ਤੇ ਪਾਣੀ ਦੀ ਵਧੇਰੇ ਕੁਸ਼ਲ ਵਰਤੋਂ ਵਿੱਚ ਸਹਾਇਤਾ ਕਰ ਸਕਦੇ ਹਨ। ਆਧੁਨਿਕ ਪ੍ਰਿਸੀਜ਼ਨ ਫਾਰਮਿੰਗ ਵਿੱਚ ਸਥਿਤੀ-ਆਧਾਰਿਤ ਜਾਣਕਾਰੀ ਦੀ ਵਰਤੋਂ ਕਰਕੇ ਖੇਤਾਂ ਦੀਆਂ ਵੱਖ-ਵੱਖ ਲੋੜਾਂ ਦਾ ਅਧਿਐਨ ਕੀਤਾ ਜਾਂਦਾ ਹੈ ਅਤੇ ਸਰੋਤਾਂ ਦੀ ਬੇਲੋੜੀ ਵਰਤੋਂ ਨੂੰ ਘਟਾਇਆ ਜਾ ਸਕਦਾ ਹੈ। ਇਸ ਨਾਲ ਉਤਪਾਦਕਤਾ ਵੱਧਾਉਣ ਦੇ ਨਾਲ-ਨਾਲ ਟਿਕਾਊ ਖੇਤੀਬਾੜੀ ਨੂੰ ਵੀ ਉਤਸ਼ਾਹ ਮਿਲ ਸਕਦਾ ਹੈ।

ਖੇਤੀਬਾੜੀ-ਪ੍ਰਧਾਨ ਦੇਸ਼ ਭਾਰਤ ਲਈ ਜੀਪੀਐਸ ਆਧਾਰਿਤ ਸਮਾਰਟ ਖੇਤੀ ਭਵਿੱਖ ਵਿੱਚ ਵਿਸ਼ੇਸ਼ ਮਹੱਤਵ ਰੱਖ ਸਕਦੀ ਹੈ।

ਸਿੱਖਿਆ ਦੇ ਖੇਤਰ ਵਿੱਚ ਵੀ ਜੀਪੀਐਸ ਅਤੇ ਡਿਜ਼ੀਟਲ ਨਕਸ਼ੇ ਨਵੇਂ ਮੌਕੇ ਪੈਦਾ ਕਰ ਰਹੇ ਹਨ। ਵਿਦਿਆਰਥੀ ਭੂਗੋਲ, ਇਤਿਹਾਸਕ ਸਥਾਨਾਂ, ਦੇਸ਼ਾਂ, ਸ਼ਹਿਰਾਂ, ਪਹਾੜਾਂ ਅਤੇ ਦਰਿਆਵਾਂ ਦੀ ਅਸਲ ਸਥਿਤੀ ਨੂੰ ਡਿਜ਼ੀਟਲ ਨਕਸ਼ਿਆਂ ਰਾਹੀਂ ਸਮਝ ਸਕਦੇ ਹਨ।

ਅਧਿਆਪਕ ਇੰਟਰਐਕਟਿਵ ਨਕਸ਼ਿਆਂ ਦੀ ਵਰਤੋਂ ਕਰਕੇ ਪਾਠਾਂ ਨੂੰ ਹੋਰ ਦਿਲਚਸਪ ਅਤੇ ਵਿਹਾਰਕ ਬਣਾ ਸਕਦੇ ਹਨ। ਹੁਣ ਵਿਦਿਆਰਥੀਆਂ ਨੂੰ ਸਿਰਫ਼ ਕਿਤਾਬ ਵਿੱਚ ਪੜ੍ਹਨ ਦੀ ਬਜਾਏ ਧਰਤੀ ਦੇ ਵੱਖ-ਵੱਖ ਸਥਾਨਾਂ ਦੀ ਡਿਜ਼ੀਟਲ ਤੌਰ ’ਤੇ ਪੜਚੋਲ ਕਰਨ ਦਾ ਮੌਕਾ ਮਿਲਦਾ ਹੈ। ਇਸ ਤਰ੍ਹਾਂ ਤਕਨੀਕ ਸਿੱਖਿਆ ਨੂੰ ਸਿਰਫ਼ ਸਿਧਾਂਤਕ ਗਿਆਨ ਤੱਕ ਸੀਮਿਤ ਨਾ ਰੱਖ ਕੇ ਇਸ ਨੂੰ ਅਨੁਭਵਾਤਮਕ ਅਤੇ ਸਰਗਰਮ ਸਿੱਖਣ ਵਿੱਚ ਬਦਲ ਸਕਦੀ ਹੈ। ਅੱਜ ਦੇ ਵਪਾਰਕ ਸੰਸਾਰ ਵਿੱਚ ਵੀ ਸਹੀ ਸਥਿਤੀ-ਜਾਣਕਾਰੀ ਬਹੁਤ ਕੀਮਤੀ ਹੈ। ਕੰਪਨੀਆਂ ਵਾਹਨਾਂ ਦੀ ਨਿਗਰਾਨੀ, ਫੀਲਡ ਵਰਕਰਾਂ ਦੀ ਪ੍ਰਬੰਧਕੀ, ਡਿਲੀਵਰੀ ਰੂਟਾਂ ਦੀ ਯੋਜਨਾ ਅਤੇ ਗਾਹਕਾਂ ਨਾਲ ਜੁੜੀਆਂ ਸੇਵਾਵਾਂ ਲਈ ਜੀਪੀਐਸ ਦੀ ਵਰਤੋਂ ਕਰਦੀਆਂ ਹਨ। ਲੌਜਿਸਟਿਕਸ ਕੰਪਨੀਆਂ ਲਈ ਜੀਪੀਐਸ ਬੇਲੋੜੀ ਯਾਤਰਾ ਅਤੇ ਬਾਲਣ ਦੀ ਖਪਤ ਘਟਾਉਣ ਵਿੱਚ ਸਹਾਇਕ ਹੋ ਸਕਦਾ ਹੈ। ਵੱਡੇ ਵਾਹਨ-ਬੇੜੇ ਵਾਲੀਆਂ ਕੰਪਨੀਆਂ ਲਈ ਇਹ ਨਿਗਰਾਨੀ ਅਤੇ ਕਾਰਜਕੁਸ਼ਲਤਾ ਵੱਧਾਉਣ ਦਾ ਪ੍ਰਭਾਵਸ਼ਾਲੀ ਸਾਧਨ ਹੈ।

ਡਿਜ਼ੀਟਲ ਅਰਥਵਿਵਸਥਾ ਵਿੱਚ ਜਿੱਥੇ ਗਤੀ ਅਤੇ ਸ਼ੁੱਧਤਾ ਦੋਵੇਂ ਮਹੱਤਵਪੂਰਨ ਹਨ, ਉੱਥੇ ਜੀਪੀਐਸ ਇੱਕ ਮਹੱਤਵਪੂਰਨ ਵਪਾਰਕ ਸਾਧਨ ਬਣ ਗਿਆ ਹੈ।

ਸਮਾਰਟਫੋਨ ਵਰਤਣ ਵਾਲਾ ਆਮ ਵਿਅਕਤੀ ਸ਼ਾਇਦ ਇਹ ਮਹਿਸੂਸ ਵੀ ਨਾ ਕਰੇ ਕਿ ਉਹ ਦਿਨ ਵਿੱਚ ਕਿੰਨੀ ਵਾਰ ਜੀਪੀਐਸ ਦੀ ਮਦਦ ਲੈ ਰਿਹਾ ਹੈ। ਮੌਸਮ ਦੀਆਂ ਐਪਲੀਕੇਸ਼ਨਾਂ ਸਾਡੀ ਸਥਿਤੀ ਦੇ ਆਧਾਰ ’ਤੇ ਸਥਾਨਕ ਮੌਸਮ ਦੀ ਜਾਣਕਾਰੀ ਦਿੰਦੀਆਂ ਹਨ। ਫੂਡ-ਡਿਲੀਵਰੀ ਐਪਸ ਗਾਹਕ ਅਤੇ ਡਿਲੀਵਰੀ ਕਰਮਚਾਰੀ ਦੀ ਸਥਿਤੀ ਪਤਾ ਕਰਨ ਲਈ ਇਸ ਦੀ ਵਰਤੋਂ ਕਰਦੀਆਂ ਹਨ।

ਫਿਟਨੈੱਸ ਐਪਲੀਕੇਸ਼ਨਾਂ ਤੁਰਨ, ਦੌੜਨ ਜਾਂ ਸਾਈਕਲ ਚਲਾਉਣ ਦੇ ਰਸਤੇ ਨੂੰ ਰਿਕਾਰਡ ਕਰ ਸਕਦੀਆਂ ਹਨ। ਇਸ ਤੋਂ ਇਲਾਵਾ ਨੇੜਲੇ ਹਸਪਤਾਲਾਂ, ਸਕੂਲਾਂ, ਦੁਕਾਨਾਂ, ਪੈਟਰੋਲ ਪੰਪਾਂ, ਰੈਸਟੋਰੈਂਟਾਂ ਅਤੇ ਹੋਰ ਜਨਤਕ ਸਹੂਲਤਾਂ ਨੂੰ ਲੱਭਣ ਵਿੱਚ ਵੀ ਸਥਿਤੀ-ਆਧਾਰਿਤ ਸੇਵਾਵਾਂ ਮਦਦ ਕਰਦੀਆਂ ਹਨ।

ਇਸ ਤਰ੍ਹਾਂ ਜੀਪੀਐਸ ਸਾਡੀ ਡਿਜ਼ੀਟਲ ਰੋਜ਼ਮਰ੍ਹਾ ਜ਼ਿੰਦਗੀ ਦਾ ਇੱਕ ਅਦਿੱਖ ਪਰ ਅਹਿਮ ਹਿੱਸਾ ਬਣ ਚੁੱਕਾ ਹੈ।

ਆਧੁਨਿਕ ਸੰਸਾਰ ਤੇਜ਼ੀ ਨਾਲ ਆਪਸ ਵਿੱਚ ਜੁੜ ਰਿਹਾ ਹੈ। ਸਮਾਰਟਫੋਨ ਨੈੱਟਵਰਕਾਂ ਨਾਲ ਸੰਚਾਰ ਕਰ ਰਹੇ ਹਨ, ਵਾਹਨ ਡਿਜੀਟਲ ਪ੍ਰਣਾਲੀਆਂ ਨਾਲ ਜੁੜੇ ਹੋਏ ਹਨ, ਕਾਰੋਬਾਰ ਰੀਅਲ-ਟਾਈਮ ਜਾਣਕਾਰੀ ’ਤੇ ਨਿਰਭਰ ਹਨ ਅਤੇ ਲੋਕ ਤੇਜ਼ ਸੇਵਾਵਾਂ ਦੀ ਉਮੀਦ ਕਰਦੇ ਹਨ। ਇਸ ਜੁੜੀ ਹੋਈ ਦੁਨੀਆ ਵਿੱਚ ਜੀਪੀਐਸ ਸਥਿਤੀ-ਆਧਾਰਿਤ ਬੁੱਧੀ (ਲ਼ੋਚਓਟਿਨ ਇਨਟਇਲਲਿਗਇਨਚਏ) ਦੀ ਇੱਕ ਮਹੱਤਵਪੂਰਨ ਪਰਤ ਪ੍ਰਦਾਨ ਕਰਦਾ ਹੈ। ਕਿਸੇ ਵਸਤੂ ਜਾਂ ਵਿਅਕਤੀ ਬਾਰੇ ਇਹ ਜਾਣਨਾ ਕਿ ਉਹ ਕੀ ਹੈ, ਮਹੱਤਵਪੂਰਨ ਹੈ; ਪਰ ਕਈ ਵਾਰ ਇਹ ਜਾਣਨਾ ਵੀ ਉਤਨਾ ਹੀ ਜ਼ਰੂਰੀ ਹੁੰਦਾ ਹੈ ਕਿ ਉਹ ਕਿੱਥੇ ਹੈ। ਜਦੋਂ ਡਿਜੀਟਲ ਪ੍ਰਣਾਲੀ ਜਾਣਕਾਰੀ ਨੂੰ ਸਥਿਤੀ ਨਾਲ ਜੋੜਦੀ ਹੈ ਤਾਂ ਉਸ ਦੀ ਉਪਯੋਗਤਾ ਕਈ ਗੁਣਾ ਵਧ ਜਾਂਦੀ ਹੈ।

ਜੀਪੀਐਸ ਦੀਆਂ ਅਸੀਮਿਤ ਸੁਵਿਧਾਵਾਂ ਦੇ ਬਾਵਜੂਦ ਇਸ ਨਾਲ ਜੁੜੇ ਖ਼ਤਰਿਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਾਡੀ ਸਥਿਤੀ ਨਾਲ ਸਬੰਧਤ ਜਾਣਕਾਰੀ ਨਿੱਜੀ ਅਤੇ ਸੰਵੇਦਨਸ਼ੀਲ ਹੋ ਸਕਦੀ ਹੈ। ਜੇ ਇਸ ਨੂੰ ਲਾਪਰਵਾਹੀ ਨਾਲ ਵਰਤਿਆ ਜਾਵੇ ਤਾਂ ਇਹ ਵਿਅਕਤੀ ਦੀ ਨਿੱਜਤਾ ਅਤੇ ਸੁਰੱਖਿਆ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਸ ਲਈ ਹਰ ਵਿਅਕਤੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਕਿਹੜੀ ਐਪ ਉਸ ਦੀ ਲੋਕੇਸ਼ਨ ਕਿਉਂ ਮੰਗ ਰਹੀ ਹੈ। ਬੇਲੋੜੀਆਂ ਲੋਕੇਸ਼ਨ ਜਾਣਕਾਰੀਆਂ ਤੋਂ ਬੱਚਣਾ ਅਤੇ ਸਮੇਂ-ਸਮੇਂ ’ਤੇ ਪ੍ਰਾਈਵੇਸੀ ਸੈਟਿੰਗਾਂ ਦੀ ਜਾਂਚ ਕਰਨਾ ਡਿਜ਼ੀਟਲ ਸੁਰੱਖਿਆ ਦਾ ਮਹੱਤਵਪੂਰਨ ਹਿੱਸਾ ਹੈ। ਜੀਪੀਐਸ ਹਮੇਸ਼ਾ ਸੌ ਫ਼ੀਸਦੀ ਸਹੀ ਨਹੀਂ ਹੁੰਦਾ। ਉੱਚੀਆਂ ਇਮਾਰਤਾਂ, ਪਹਾੜ, ਵਾਤਾਵਰਣੀ ਸਥਿਤੀਆਂ, ਉਪਗ੍ਰਹਿ ਸੰਕੇਤਾਂ ਦੀ ਉਪਲੱਬਧਤਾ ਅਤੇ ਹੋਰ ਤਕਨੀਕੀ ਕਾਰਨਾਂ ਕਰਕੇ ਇਸ ਦੀ ਸ਼ੁੱਧਤਾ ਪ੍ਰਭਾਵਿਤ ਹੋ ਸਕਦੀ ਹੈ। ਇਸ ਲਈ ਜੀਪੀਐਸ ਨੂੰ ਇੱਕ ਸ਼ਕਤੀਸ਼ਾਲੀ ਸਹਾਇਕ ਪ੍ਰਣਾਲੀ ਵਜੋਂ ਵਰਤਣਾ ਚਾਹੀਦਾ ਹੈ, ਨਾ ਕਿ ਅਜਿਹੀ ਪ੍ਰਣਾਲੀ ਵਜੋਂ ਜਿਸ ’ਤੇ ਅੱਖਾਂ ਬੰਦ ਕਰਕੇ ਭਰੋਸਾ ਕੀਤਾ ਜਾਵੇ।

ਕਈ ਵਾਰ ਲੋਕ ਡਿਜ਼ੀਟਲ ਨੈਵੀਗੇਸ਼ਨ ਦੇ ਨਿਰਦੇਸ਼ਾਂ ਦੀ ਅੰਨ੍ਹੇਵਾਹ ਪਾਲਣਾ ਕਰਦੇ ਹੋਏ ਸੜਕ ਦੇ ਸੰਕੇਤਾਂ, ਆਲੇ-ਦੁਆਲੇ ਦੇ ਮਾਹੌਲ ਜਾਂ ਬਦਲਦੇ ਹਾਲਾਤਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਤਕਨੀਕ ਮਨੁੱਖੀ ਬੁੱਧੀ ਦੀ ਸਹਾਇਕ ਹੋਣੀ ਚਾਹੀਦੀ ਹੈ, ਉਸ ਦੀ ਬਦਲ ਨਹੀਂ। ਨਕਸ਼ਾ ਸਾਨੂੰ ਦੱਸ ਸਕਦਾ ਹੈ ਕਿ ਅਸੀਂ ਕਿੱਥੇ ਜਾਣਾ ਹੈ, ਪਰ ਇਹ ਫ਼ੈਸਲਾ ਮਨੁੱਖੀ ਸਮਝ ਅਤੇ ਸੂਝ-ਬੂਝ ਨੇ ਕਰਨਾ ਹੈ ਕਿ ਰਸਤਾ ਸੁਰੱਖਿਅਤ ਅਤੇ ਉਚਿਤ ਹੈ ਜਾਂ ਨਹੀਂ।

ਆਉਣ ਵਾਲੇ ਸਮੇਂ ਵਿੱਚ ਜੀਪੀਐਸ ਅਤੇ ਸਥਿਤੀ-ਆਧਾਰਿਤ ਤਕਨੀਕ ਦੀ ਮਹੱਤਤਾ ਹੋਰ ਵੱਧਣ ਦੀ ਸੰਭਾਵਨਾ ਹੈ। ਸਵੈ-ਚਾਲਿਤ ਵਾਹਨ, ਸਮਾਰਟ ਸ਼ਹਿਰ, ਪ੍ਰਿਸੀਜ਼ਨ ਖੇਤੀਬਾੜੀ, ਡਰੋਨ ਤਕਨੀਕ, ਆਫ਼ਤ ਪ੍ਰਬੰਧਨ ਅਤੇ ਆਧੁਨਿਕ ਲੌਜਿਸਟਿਕਸ ਵਰਗੇ ਖੇਤਰਾਂ ਵਿੱਚ ਵਧੇਰੇ ਸਟੀਕ ਸਥਿਤੀ-ਨਿਰਧਾਰਨ ਦੀ ਲੋੜ ਹੋਵੇਗੀ। ਭਵਿੱਖ ਵਿੱਚ ਜੀਪੀਐਸ ਨੂੰ ਕ੍ਰਿਤ੍ਰਿਮ ਬੁੱਧੀ (ਅੀ), ਸੈਂਸਰਾਂ, ਉਪਗ੍ਰਹਿ ਸੰਚਾਰ ਅਤੇ ਤੇਜ਼ ਰਫ਼ਤਾਰ ਵਾਲੇ ਨੈੱਟਵਰਕਾਂ ਨਾਲ ਜੋੜ ਕੇ ਹੋਰ ਤੇਜ਼ ਅਤੇ ਸਟੀਕ ਸੇਵਾਵਾਂ ਵਿਕਸਿਤ ਕੀਤੀਆਂ ਜਾ ਸਕਦੀਆਂ ਹਨ।

ਪਰ ਤਕਨੀਕ ਦੀ ਤਰੱਕੀ ਦੇ ਨਾਲ-ਨਾਲ ਨਿੱਜਤਾ ਦੀ ਰੱਖਿਆ, ਜ਼ਿੰਮੇਵਾਰ ਵਰਤੋਂ ਅਤੇ ਲੋਕਾਂ ਵਿੱਚ ਡਿਜ਼ੀਟਲ ਜਾਗਰੂਕਤਾ ਵੀ ਲਾਜ਼ਮੀ ਹੈ। ਜੀਪੀਐਸ ਸਿਰਫ਼ ਇੱਕ ਡਿਜ਼ੀਟਲ ਕੰਪਾਸ ਨਹੀਂ ਹੈ। ਇਹ ਆਵਾਜਾਈ, ਖੇਤੀਬਾੜੀ, ਐਮਰਜੈਂਸੀ ਸੇਵਾਵਾਂ, ਸਿੱਖਿਆ, ਵਪਾਰ, ਸੰਚਾਰ ਅਤੇ ਰੋਜ਼ਾਨਾ ਜੀਵਨ ਦੀਆਂ ਅਨੇਕਾਂ ਸਹੂਲਤਾਂ ਨੂੰ ਅੰਦਰੋਂ ਸਹਾਰਾ ਦੇਣ ਵਾਲਾ ਅਦਿੱਖ ਢਾਂਚਾ ਹੈ। ਇਸ ਨੇ ਸਾਨੂੰ ਦੂਰੀ, ਗਤੀ ਅਤੇ ਸਥਿਤੀ ਨੂੰ ਸਮਝਣ ਦਾ ਨਵਾਂ ਢੰਗ ਦਿੱਤਾ ਹੈ। ਡਿਜ਼ੀਟਲ ਦੁਨੀਆ ਵਿੱਚ ਸਥਿਤੀ ਵੀ ਇੱਕ ਕਿਸਮ ਦੀ ਜਾਣਕਾਰੀ ਹੈ ਅਤੇ ਜਾਣਕਾਰੀ ਅੱਜ ਸ਼ਕਤੀ ਬਣ ਚੁੱਕੀ ਹੈ। ਜੀਪੀਐਸ ਸਾਨੂੰ ਇਸ ਸ਼ਕਤੀ ਨੂੰ ਕੁਸ਼ਲਤਾ ਨਾਲ ਵਰਤਣ ਦੀ ਸਮਰੱਥਾ ਦਿੰਦਾ ਹੈ।

ਇਸ ਲਈ ਅਸਲ ਲੋੜ ਸਿਰਫ਼ ਜੀਪੀਐਸ ਦੀ ਵਰਤੋਂ ਕਰਨ ਦੀ ਨਹੀਂ, ਸਗੋਂ ਇਸ ਨੂੰ ਸਮਝਦਾਰੀ, ਜ਼ਿੰਮੇਵਾਰੀ ਅਤੇ ਸੂਝ-ਬੂਝ ਨਾਲ ਵਰਤਣ ਦੀ ਹੈ। ਤਕਨੀਕ ਉਦੋਂ ਹੀ ਸੱਚਮੁੱਚ ਕੀਮਤੀ ਬਣਦੀ ਹੈ ਜਦੋਂ ਇਹ ਮਨੁੱਖੀ ਜੀਵਨ ਨੂੰ ਸੁਰੱਖਿਅਤ, ਆਸਾਨ, ਕੁਸ਼ਲ ਅਤੇ ਬਿਹਤਰ ਢੰਗ ਨਾਲ ਜੋੜਦੀ ਹੈ—ਪਰ ਇਸ ਦੇ ਨਾਲ ਮਨੁੱਖ ਦੀ ਸੋਚਣ, ਦੇਖਣ, ਪਰਖਣ ਅਤੇ ਸਹੀ ਫ਼ੈਸਲਾ ਕਰਨ ਦੀ ਜ਼ਿੰਮੇਵਾਰੀ ਵੀ ਕਾਇਮ ਰਹਿੰਦੀ ਹੈ।











RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ® CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

GHUMAN LAW GROUP INC.

# GHUMAN LAW GROUP




ਭਰੋਸੇਯੋਗ ਅਤੇ ਤਜਰਬੇਕਾਰ ਵਕੀਲ ਹੀ ਹਮੇਸ਼ਾ ਤੁਹਾਡੀ ਸਹੀ ਮਦਦ ਕਰ ਸਕਦਾ ਹੈ।

MON - FRI | 9:00 AM-3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA

## ਸਾਡੀਆਂ ਸੇਵਾਵਾਂ

**01** ਜੇ ਕਰ ਤੁਸੀਂ ਕਿਸੇ ਵੀ ਕ੍ਰਿਮਿਨਲ ਕੇਸ ਵਿੱਚ ਫਸੇ ਹੋ।




**02** ਜੇ ਕਰ ਤੁਸੀਂ ਆਪਣੇ ਪੁਰਾਣੇ ਕ੍ਰਿਮਿਨਲ ਕੇਸ ਨੂੰ Expunge ਕਰਵਾਉਣਾ ਚਾਹੁੰਦੇ ਹੋ।




**03** ਜੇ ਕਰ ਤੁਸੀਂ ਆਪਣੇ Immigration Case ਵਿੱਚ ਕੋਈ Appeal ਲਗਾਉਣੀ ਹੈ।




**04** ਜੇ ਕਰ ਤੁਸੀਂ Immigration Case ਵਿੱਚ Bond Hearing ਕਰਵਾਉਣੀ ਹੈ।



ਉੱਪਰ ਲਿਖੀਆਂ ਸੇਵਾਵਾਂ ਵਿੱਚੋਂ ਕਿਸੇ ਵੀ ਸੇਵਾ ਦੀ ਲੋੜ ਹੈ ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

**ਜੇ ਕਰ ਤੁਸੀਂ ਆਪਣੇ ਪੁਰਾਣੇ Criminal Case ਕਰਕੇ USA ਦੀ Citizenship ਲਈ Apply ਨਹੀਂ ਕਰ ਰਹੇ**

ਜਾਂ ਤੁਹਾਨੂੰ ਆਪਣਾ Green Card ਖੋਹੇ ਜਾਣ ਦਾ ਡਰ ਹੈ, ਤਾਂ ਤੁਸੀਂ ਸਾਡੇ ਨਾਲ ਇੱਕ ਵਾਰ ਜ਼ਰੂਰ ਸੰਪਰਕ ਕਰੋ।

MON - FRI | 9:00 AM 3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# ਏ.ਆਈ ਖੋਹ ਰਿਹਾ ਹੈ ਬੱਚਿਆਂ ਦੀ ਸੋਚਣ ਸ਼ਕਤੀ



ਬਰਜਿੰਦਰ ਕੌਰ ਬਿਸਰਾਓ
99889-01324

ਅਸੀਂ ਅੱਜ ਦੇ ਟੈਕਨੋਲੋਜੀ ਦੇ ਯੁੱਗ ਨੂੰ ਬੜੇ ਖੁਸ਼ ਹੋ ਕੇ ਦੱਸਦੇ ਹਾਂ ਕਿ ਹੁਣ ਕੀ ਔਖਾ ਹੈ, ਹੁਣ ਤਾਂ ਏ ਆਈ ਦਾ ਜ਼ਮਾਨਾ ਹੈ,ਜੋ ਮਰਜ਼ੀ ਲੱਭ ਲਓ। ਪਹਿਲਾਂ ਮੋਬਾਈਲ, ਫ਼ਿਰ ਇੰਟਰਨੈੱਟ ਅਤੇ ਹੁਣ ਏ.ਆਈ. ਨੇ ਮਨੁੱਖ ਦੀ ਜ਼ਿੰਦਗੀ ਨੂੰ ਬਹੁਤ ਸੌਖਾ ਬਣਾ ਦਿੱਤਾ ਹੈ। ਕੁਝ ਸਕਿੰਟਾਂ ਵਿੱਚ ਸਾਨੂੰ ਕਿਸੇ ਵੀ ਸਵਾਲ ਦਾ ਜਵਾਬ ਮਿਲ ਜਾਂਦਾ ਹੈ, ਲੇਖ ਲਿਖਿਆ ਜਾ ਸਕਦਾ ਹੈ, ਗਣਿਤ ਦਾ ਸਵਾਲ ਹੱਲ ਹੋ ਜਾਂਦਾ ਹੈ ਅਤੇ ਕਿਸੇ ਔਖੇ ਵਿਸ਼ੇ ਨੂੰ ਸਮਝਾਉਣ ਲਈ ਵੀ ਏ.ਆਈ. ਹਾਜ਼ਰ ਰਹਿੰਦਾ ਹੈ। ਇਹ ਸਹੂਲਤਾਂ ਬੇਸ਼ੱਕ ਲਾਭਦਾਇਕ ਹਨ ਪਰ ਕਦੇ ਸੋਚਿਆ ਹੈ ਕਿ ਇਸ ਦਾ ਬੱਚਿਆਂ ਦੀ ਸੋਚਣ ਸ਼ਕਤੀ ਉੱਪਰ ਕਿੰਨਾ ਦੁਰਪ੍ਰਭਾਵ ਪੈ ਰਿਹਾ ਹੈ? ਜੇ ਬੱਚੇ ਹਰ ਛੋਟੇ-ਵੱਡੇ ਕੰਮ ਲਈ ਏ.ਆਈ. ’ਤੇ ਨਿਰਭਰ ਹੋ ਜਾਣਗੇ ਤਾਂ ਇਸ ਦਾ ਸਿੱਧੇ ਤੌਰ ਤੇ ਉਨ੍ਹਾਂ ਦੀ ਸੋਚਣ, ਸਮਝਣ ਅਤੇ ਆਪਣੀ ਅਕਲ ਵਰਤਣ ਦੀ ਸਮਰੱਥਾ ’ਤੇ ਬਹੁਤ ਮਾੜਾ ਪ੍ਰਭਾਵ ਪੈ ਸਕਦਾ ਹੈ।

ਜਿਵੇਂ ਸਰੀਰ ਨੂੰ ਤੰਦਰੁਸਤ ਰੱਖਣ ਲਈ ਖੇਡਣਾ ਅਤੇ ਕਸਰਤ ਕਰਨੀ ਜ਼ਰੂਰੀ ਹੈ, ਉਸੇ ਤਰ੍ਹਾਂ ਦਿਮਾਗ ਨੂੰ ਤੰਦਰੁਸਤ ਰੱਖਣ ਲਈ ਪੜ੍ਹਨਾ, ਸੋਚਣਾ, ਸਵਾਲ ਕਰਨਾ, ਤਰਕ ਕਰਨਾ, ਲਿਖਣਾ ਅਤੇ ਸਮੱਸਿਆਵਾਂ ਨੂੰ ਖ਼ੁਦ ਹੱਲ ਕਰਨਾ ਜ਼ਰੂਰੀ ਹੈ।

ਇਸ ਲਈ ਬੱਚਿਆਂ ਦੇ ਹੱਥ ਵਿੱਚ ਏ.ਆਈ. ਦੇਣ ਤੋਂ ਪਹਿਲਾਂ ਉਨ੍ਹਾਂ ਦੇ ਦਿਮਾਗ ਨੂੰ ਕੰਮ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਹਰ ਸਵਾਲ ਦਾ ਤਿਆਰ ਜਵਾਬ ਦੇਣ ਦੀ ਬਜਾਏ ਕਹਿਣਾ ਚਾਹੀਦਾ ਹੈ ਕਿ ਉਹ ਉਸ ਦਾ ਹੱਲ ਖ਼ੁਦ ਲੱਭਣ। ਬੱਚੇ ਦਾ ਦਿਮਾਗ ਵੀ ਸਰੀਰ ਦੇ ਹੋਰ ਅੰਗਾਂ ਵਾਂਗ ਕਸਰਤ ਮੰਗਦਾ ਹੈ। ਜਦੋਂ ਬੱਚਾ ਕਿਸੇ ਸਵਾਲ ਦਾ ਜਵਾਬ ਖ਼ੁਦ ਲੱਭਦਾ ਹੈ, ਕਿਸੇ ਕਹਾਣੀ ਦਾ ਅੰਤ ਖ਼ੁਦ ਸੋਚਦਾ ਹੈ, ਗਣਿਤ ਦਾ ਸਵਾਲ ਆਪਣੇ ਦਿਮਾਗ ਨਾਲ ਹੱਲ ਕਰਦਾ ਹੈ , ਇਤਿਹਾਸ ਦੀਆਂ ਕਿਤਾਬਾਂ ਨੂੰ ਫਰੋਲ ਕੇ ਕੁਝ ਲੱਭਦਾ ਹੈ ਜਾਂ ਕਿਸੇ ਵਿਸ਼ੇ ’ਤੇ ਆਪਣੇ ਵਿਚਾਰ ਲਿਖਦਾ ਹੈ ਤਾਂ ਉਸ ਦੀ ਸੋਚਣ ਸ਼ਕਤੀ ਵਿਕਸਿਤ ਹੁੰਦੀ ਹੈ।

ਪਰ ਜੇ ਬੱਚਾ ਹਰ ਵਾਰ ਸਵਾਲ ਪੁੱਛਣ ਤੋਂ ਪਹਿਲਾਂ ਹੀ ਏ.ਆਈ. ਤੋਂ ਜਵਾਬ ਲੈ ਲੈਂਦਾ ਹੈ ਤਾਂ ਉਸ ਨੂੰ ਆਪਣਾ ਦਿਮਾਗ ਲਗਾਉਣ ਦੀ ਲੋੜ ਹੀ ਨਹੀਂ ਪੈਂਦੀ। ਹੌਲੀ-ਹੌਲੀ ਖ਼ੁਦ ਸੋਚਣ ਦੀ ਆਦਤ ਦੀ ਥਾਂ ਤਿਆਰ ਬਰ ਤਿਆਰ ਜਵਾਬ ਲੈਣ ਦੀ ਆਦਤ ਬਣ ਗਈ ਹੈ।

ਅੱਜ ਕਈ ਬੱਚਿਆਂ ਲਈ ਹੋਮਵਰਕ ਕਰਨਾ ਵੀ ਬਹੁਤ ਸੌਖਾ ਹੋ ਗਿਆ ਹੈ। ਲੇਖ ਲਿਖਣਾ ਹੋਵੇ, ਪ੍ਰਸ਼ਨ ਦੇ ਉੱਤਰ ਦੇਣੇ ਹੋਣ ਜਾਂ ਕਿਸੇ ਵਿਸ਼ੇ ਦੀ ਜਾਣਕਾਰੀ ਇਕੱਠੀ ਕਰਨੀ ਹੋਵੇ, ਉਹ ਏ.ਆਈ. ਨੂੰ ਸਵਾਲ ਪੁੱਛ ਕੇ ਤਿਆਰ ਜਵਾਬ ਲੈ ਲੈਂਦੇ ਹਨ। ਇਸ ਨਾਲ ਕੰਮ ਤਾਂ ਜਲਦੀ ਮੁੱਕ ਜਾਂਦਾ ਹੈ ਪਰ ਬੱਚਾ ਉਸ ਵਿਸ਼ੇ ਨੂੰ ਆਪਣੇ ਦਿਮਾ.ਗ ਨਾਲ ਸਮਝਣ ਅਤੇ ਆਪਣੇ ਸ਼ਬਦਾਂ ਵਿੱਚ ਲਿਖਣ ਦੀ ਕਸਰਤ ਨਹੀਂ ਕਰਦਾ। ਪੜ੍ਹਾਈ ਦਾ ਮਕਸਦ ਸਿਰਫ਼ ਕਾਪੀ ਭਰਨਾ ਨਹੀਂ, ਸਗੋਂ ਦਿਮਾਗ ਨੂੰ ਸਵਾਲ ਪੁੱਛਣਾ, ਸੋਚਣਾ ਅਤੇ ਤਰਕ ਕਰਨਾ ਸਿਖਾਉਣਾ ਹੈ। ਉਦਾਹਰਣ ਦੇ ਤੌਰ ਤੇ ਪਹਿਲਾਂ ਜੇ ਕਿਸੇ ਬੱਚੇ ਨੇ ਇਤਿਹਾਸ ਦੀ ਕੋਈ ਘਟਨਾ ਬਾਰੇ ਜਾਣਕਾਰੀ ਹਾਸਲ ਕਰਨੀ ਹੁੰਦੀ ਸੀ ਤਾਂ ਉਹ ਕਿਤਾਬਾਂ ਫ਼ਰੋਲਦਾ,ਉਸ ਦੇ ਅੱਗੇ ਪਿੱਛੇ ਦੀਆਂ ਘਟਨਾਵਾਂ ਨੂੰ ਘੋਖਦਾ ਹੋਇਆ ਉਸ ਘਟਨਾ ਤੱਕ ਪੁੱਜਦਾ ਸੀ ਜਿਸ ਨਾਲ ਉਸ ਦੇ ਦਿਮਾ.ਗ ਦੀ ਕਸਰਤ ਹੋਣ ਦੇ ਨਾ.ਲ ਨਾ.ਲ ਉਸ ਨੂੰ ਇਤਿਹਾਸ ਦੀਆਂ ਹੋਰ ਬਹੁਤ ਸਾਰੀਆਂ ਘਟਨਾਵਾਂ ਬਾਰੇ ਵੀ ਜਾਣਕਾਰੀ ਮਿਲ ਜਾਂਦੀ ਸੀ ਜਿਸ ਨਾਲ ਉਹ ਬੱਚਾ ਜਾਣਕਾਰੀ ਨਾ.ਲ ਭਰਪੂਰ ਹੋ ਜਾਂਦਾ ਸੀ। ਅੱਜ ਕੱਲ੍ਹ ਬੱਚਾ ਏ ਆਈ ਦੀ ਮਦਦ ਨਾਲ ਸਿਰਫ਼ ਓਨਾ ਜਵਾਬ ਹੀ ਹਾਸਲ ਕਰਦਾ ਹੈ ਜਿੰਨਾਂ ਉਸ ਨੇ ਪੁੱਛਿਆ ਹੁੰਦਾ ਹੈ ਜੋ ਬੱਚਿਆਂ ਦੇ ਦਿਮਾਗ ਅਤੇ ਜਾਣਕਾਰੀ ਦੇ ਵਿਕਾਸ ਵਿੱਚ ਰੋੜਾ ਬਣ ਰਿਹਾ ਹੈ।

ਪਹਿਲਾਂ ਜਦੋਂ ਬੱਚੇ ਆਪ ਆਪਣਾ ਕੰਮ ਕਰਦੇ ਸਨ ਤਾਂ ਉਹ ਬਹੁਤ .ਗਲਤੀਆਂ ਵੀ ਕਰਦੇ ਸਨ। ਜਿਸ ਤੋਂ ਉਹ ਬਹੁਤ ਕੁਝ ਨਵਾਂ ਸਿੱਖਦੇ ਸਨ ਕਿਉਂਕਿ ਬੱਚਿਆਂ ਦੀਆਂ .ਗਲਤੀਆਂ ਵੀ ਉਨ੍ਹਾਂ ਦੀਆਂ ਅਧਿਆਪਕ ਹੁੰਦੀਆਂ ਹਨ। ਜਦੋਂ ਬੱਚਾ ਕੋਈ ਸਵਾਲ .ਗਲਤ ਕਰਦਾ ਹੈ ਤਾਂ ਉਹ ਮੁੜ ਸੋਚਦਾ ਹੈ ਕਿ ਗਲਤੀ ਕਿੱਥੇ ਹੋਈ ਹੈ। ਇਸ ਤਰ੍ਹਾਂ ਉਸ ਦੀ ਸਮਝਣ ਸ਼ਕਤੀ ਵਧਦੀ ਹੈ। ਪਰ ਜਦੋਂ ਹਰ ਵਾਰ ਏ.ਆਈ. ਤੁਰੰਤ ਸਹੀ ਜਵਾਬ ਦੇ ਦਿੰਦਾ ਹੈ ਤਾਂ ਬੱਚੇ ਨੂੰ ਆਪਣੀ .ਗਲਤੀ ਕਰਨ ਅਤੇ ਉਸ ਤੋਂ ਸਿੱਖਣ ਦਾ ਮੌਕਾ ਮਿਲਦਾ ਹੀ ਨਹੀਂ ਹੈ। ਗਲਤੀ ਤੋਂ ਸਿੱਖਣ ਦੀ ਬਜਾਏ ਸਿੱਧਾ ਸਹੀ ਜਵਾਬ ਲੈਣਾ ਉਸ ਦੀ ਸਿੱਖਣ ਦੀ ਪ੍ਰਕਿਰਿਆ ਨੂੰ ਬਹੁਤ ਕਮਜ਼ੋਰ ਕਰ ਰਿਹਾ ਹੈ।

ਏ ਆਈ ਦੀ ਵਰਤੋਂ ਬੱਚਿਆਂ ਦੀ ਕਲਪਨਾ ਸ਼ਕਤੀ ਤੇ ਵੀ ਦੁਰਪ੍ਰਭਾਵ ਪਾ ਰਹੀ ਹੈ।

ਕਹਾਣੀਆਂ ਲਿਖਣਾ, ਕਵਿਤਾ ਬਣਾਉਣਾ, ਚਿੱਤਰ ਬਣਾਉਣਾ ਜਾਂ ਕਿਸੇ ਨਵੇਂ ਵਿਸ਼ੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਨਾ ,ਇਹ ਸਭ ਕੁਝ ਬੱਚਿਆਂ ਦੀ ਕਲਪਨਾ ਸ਼ਕਤੀ ਨੂੰ ਵਧਾਉਂਦਾ ਹੈ। ਪਰ ਜਦ ਬੱਚਾ ਹਰ ਵਾਰ ਕਹਾਣੀ, ਕਵਿਤਾ ਜਾਂ ਵਿਚਾਰ ਵੀ ਏ.ਆਈ. ਤੋਂ ਲੈਣ ਲੱਗ ਪਏਗਾ ਤਾਂ ਉਸ ਦੀ ਆਪਣੀ ਰਚਨਾਤਮਕਤਾ ਨੂੰ ਉਭਰਨ ਦਾ ਮੌਕਾ ਘੱਟ ਮਿ.ਲੇਗਾ। ਇਹ ਸਾਨੂੰ ਹਰਗਿਜ਼ ਨਹੀਂ ਭੁੱਲਣਾ ਚਾਹੀਦਾ ਕਿ ਘਰ ਵਿੱਚ ਨਿੱਕੀ ਤੋਂ ਨਿੱਕੀ ਚੀਜ਼ ਤੋਂ ਲੈ ਕੇ ਦੁਨੀਆਂ ਦੀ ਵੱਡੀ ਤੋਂ ਵੱਡੀ ਵਸਤੂ ਦੀ ਖੋਜ ਵਿੱਚ ਕਲਪਨਾ ਸ਼ਕਤੀ ਦਾ ਹੀ ਰਿਹਾ ਹੈ। ਬੱਚੇ ਨੂੰ ਹਮੇਸ਼ਾ ਤਿਆਰ ਸਮੱਗਰੀ ਦੇਣ ਦੀ ਬਜਾਏ ਕਈ ਵਾਰ ਖਾਲੀ ਕਾਗਜ਼ ਵੀ ਦੇਣਾ ਚਾਹੀਦਾ ਹੈ ਤਾਂ ਜੋ ਉਹ ਆਪਣੀ ਦੁਨੀਆ ਉਸ ਉੱਤੇ ਖ਼ੁਦ ਉਤਾਰਨ ਦੀ ਕੋਸ਼ਿਸ਼ ਕਰ ਸਕੇ। ਬੱਚੇ ਦੀ ਖੋਜ ਸ਼ਕਤੀ ਨੂੰ ਵਧਾਉਣ ਲਈ ਮਾਪਿਆਂ ਅਤੇ ਅਧਿਆਪਕਾਂ ਨੂੰ ਸਾਂਝੇ ਤੌਰ ਤੇ ਉਪਰਾਲੇ ਕਰਨੇ ਪੈਣਗੇ।

ਬੱਚਾ ਜਦੋਂ ਤੋਂ ਸੁਰਤ ਸੰਭਾਲਦਾ ਹੈ, ਕੁਦਰਤੀ ਤੌਰ ਤੇ ਉਸ ਅੰਦਰ ਨਵੀਂ ਦੁਨੀਆਂ ਨੂੰ ਜਾਨਣ ਲਈ ਸਵਾਲ ਪੁੱਛਣ ਦੀ ਆਦਤ ਹੁੰਦੀ ਹੈ। ਇਸ ਤਰ੍ਹਾਂ ਬੱਚਿਆਂ ਦਾ ਸੁਭਾਅ ਹੀ ਹੁੰਦਾ ਹੈ ਸਵਾਲ ਪੁੱਛਣਾ ਜਿਵੇਂ ‘ਇਹ ਕਿਉਂ ਹੁੰਦਾ ਹੈ?’, ‘ਇਹ ਕਿਵੇਂ ਹੁੰਦਾ ਹੈ?’, ‘ਜੇ ਇਸ ਤਰ੍ਹਾਂ ਹੋਵੇ ਤਾਂ ਕੀ ਹੋਵੇਗਾ?’ 'ਇਹ ਕੀ ਹੈ' ਆਦਿਕ । ਇਹ ਸਾਰੇ ਸਵਾਲ ਬੱਚਿਆਂ ਦੀ ਬੁੱਧੀ ਨੂੰ ਅੱਗੇ ਵਧਾਉਂਦੇ ਹਨ। ਏ.ਆਈ. ਦੀ ਸਹੂਲਤ ਕਾਰਨ ਜੇ ਬੱਚਾ ਹਰ ਸਵਾਲ ਦਾ ਤੁਰੰਤ ਜਵਾਬ ਆਪਣੇ ਆਪ ਲੈਣ ਦਾ ਆਦੀ ਹੋ ਜਾਵੇਗਾ ਤਾਂ ਉਹ ਖ਼ੁਦ ਖੋਜ ਕਰਨ, ਕਿਤਾਬਾਂ ਪੜ੍ਹਨ ਅਤੇ ਵੱਡਿਆਂ ਜਾਂ ਅਧਿਆਪਕਾਂ ਨਾਲ ਵਿਚਾਰ-ਵਟਾਂਦਰਾ ਕਰਨ ਵਿੱਚ ਘੱਟ ਦਿਲਚਸਪੀ ਲਵੇਗਾ ਤੇ ਆਮ ਕਰਕੇ ਇਹ ਸਭ ਕੁਝ ਵਾਪਰ ਵੀ ਰਿਹਾ ਹੈ।

ਇੱਥੇ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਏ.ਆਈ. ਆਪਣੇ ਆਪ ਵਿੱਚ ਬੱਚਿਆਂ ਲਈ ਬੁਰੀ ਚੀਜ਼ ਨਹੀਂ ਹੈ। ਇਸ ਦੀ ਸਹੀ ਵਰਤੋਂ ਨਾਲ ਬੱਚੇ ਔਖੇ ਵਿਸ਼ੇ ਅਸਾਨੀ ਨਾ.ਲ ਸਮਝ ਸਕਦੇ ਹਨ ਤੇ ਨਵੇਂ ਵਿਚਾਰ ਲੈ ਸਕਦੇ ਹਨ । ਉਹ ਆਪਣੀ ਪੜ੍ਹਾਈ ਨੂੰ ਹੋਰ ਰੌਚਿਕ ਬਣਾ ਸਕਦੇ ਹਨ। ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਏ.ਆਈ. ਇੱਕ ਸਹਾਇਕ ਨਾ ਰਹਿ ਕੇ ਬੱਚੇ ਦੇ ਦਿਮਾਗ ਦੀ ਥਾਂ ਕੰਮ ਕਰਨ ਲੱਗ ਪਿਆ ਹੈ। ਮਾਪਿਆਂ ਅਤੇ ਅਧਿਆਪਕਾਂ ਨੂੰ ਬੱਚਿਆਂ ਨੂੰ ਇਹ ਸਿਖਾਉਣਾ ਚਾਹੀਦਾ ਹੈ ਕਿ ਪਹਿਲਾਂ ਖ਼ੁਦ ਸੋਚੋ, ਫਿਰ ਵੱਡਿਆਂ ਦੀ ਮਦਦ ਲਓ ਤੇ ਆਖ਼ਰ ਵਿੱਚ ਏ.ਆਈ. ਦੀ ਮਦਦ ਲਓ। ਪਹਿਲਾਂ ਆਪਣਾ ਉੱਤਰ ਲਿਖੋ, ਫਿਰ ਵੱਡਿਆਂ ਨੂੰ ਦਿਖਾਓ,ਤਸੱਲੀ ਕਰੋ ਤੇ ਅੰਤ ਵਿੱਚ ਏ.ਆਈ. ਤੋਂ ਉਸ ਦੀ ਜਾਂਚ ਕਰਵਾ ਕੇ ਆਪਣੇ ਕੰਮ ਉੱਤੇ ਪ੍ਰਪੱਕਤਾ ਦੀ ਮੋਹਰ ਲਗਾਉਣ। ਪਹਿਲਾਂ ਆਪਣੀ ਕਹਾਣੀ ਸੋਚੋ, ਫਿਰ ਉਸ ਨੂੰ ਸੁਧਾਰਨ ਲਈ ਮਦਦ ਲਓ।

ਇਹ ਵੱਡਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਏ.ਆਈ.ਨੂੰ ਬੱਚਿਆਂ ਦਾ ਸਹਾਇਕ ਬਣਾਉਣ ਲਈ ਪ੍ਰੇਰਿਤ ਕਰਨ ਨਾ ਕਿ ਹਰ ਸਵਾਲ ਦਾ ਤੁਰੰਤ ਜਵਾਬ ਲੱਭਣ ਲਈ ਬੱਚੇ ਦੇ ਦਿਮਾਗ ਦਾ ਬਦਲ ਬਣਾਉਣ।

ਬੱਚਿਆਂ ਨੂੰ ਦੱਸਿਆ ਜਾਵੇ ਕਿ ਟੈਕਨਾਲੋਜੀ ਤੋਂ ਉਹ ਆਪਣਾ ਕੰਮ ਸੌਖਾ ਕਰ ਸਕਦੇ ਹਨ, ਪਰ ਆਪਣੀ ਸੋਚਣ ਦੀ ਆਦਤ ਨੂੰ ਨਾ ਖ਼ਤਮ ਕਰਨ। ਕਿਉਂਕਿ ਕੱਲ੍ਹ ਦਾ ਸਮਾਜ ਸਿਰਫ਼ ਜਾਣਕਾਰੀ ਰੱਖਣ ਵਾਲੇ ਬੱਚਿਆਂ ਨਾਲ ਨਹੀਂ, ਸਗੋਂ ਆਪਣੀ ਅਕਲ ਨਾਲ ਸੋਚਣ, ਸਹੀ .ਗਲਤ ਦੀ ਪਰਖ਼ ਕਰਨ ਅਤੇ ਨਵੇਂ ਹੱਲ ਲੱਭਣ ਵਾਲੇ ਬੱਚਿਆਂ ਨਾਲ ਮਜ਼ਬੂਤ ਹੋਵੇਗਾ। ਸਕੂਲਾਂ ਵਿੱਚ ਬੱਚਿਆਂ ਨੂੰ ਇਸ ਬਾਰੇ ਅਲੱਗ ਤੋਂ ਜਾਗਰੂਕ ਕਰਨ ਦੀ ਲੋੜ ਹੈ ਕਿ ਏ ਆਈ ਦੀ ਵਰਤੋਂ ਕਿਸ ਸਮੇਂ ਅਤੇ ਕਿਸ ਤਰ੍ਹਾਂ ਕਰਨੀ ਚਾਹੀਦੀ ਹੈ ਤਾਂ ਜੋ ਬੱਚੇ ਹਰ ਛੋਟੇ ਤੋਂ ਛੋਟੇ ਸਵਾਲ ਦਾ ਜਵਾਬ ਜਾਣਨ ਲਈ ਆਪਣੇ ਆਪ ਨੂੰ ਏ ਆਈ ਨੂੰ ਸਮਰਪਿਤ ਨਾ ਕਰਨ।

Now Open New Banquet Hall in Sacramento
For more info: Contact Paul : (916)334-6000






# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205


ਕਈ ਵੀਰਾਂ ਦੇ
LICENSE CANCEL
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।
ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ
ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ
Green Card ਨਹੀਂ ਹੈ | I-485 Application ਅਜੇ Pending ਹੈ।
Ghuman Law Group ਤੁਹਾਡੇ ਨਾਲ ਹੈ
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :
Green Card Case ਨੂੰ ਜਲਦੀ ਹੱਲ ਕਰਨ ਵਿੱਚ
CDL ਅਤੇ ਕੰਮ ਨੂੰ ਬਚਾਉਣ ਲਈ Legal Guidance
Deportation ਜਾਂ Immigration Detention Cases ਵਿੱਚ Legal Advice
Appeals ਅਤੇ Immigration Process ਵਿੱਚ ਸਹਾਇਤਾ
Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ
ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ
GHUMAN LAW GROUP
GHUMAN LAW GROUP INC.
Criminal Defense, Family and Immigration Law
Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ
ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)
Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਮੇਰੇ ਦਿਲ ਵਿੱਚ

ਰੋ ਨ੍ਹੀਂ ਸਕਦਾ,ਹੱਸ ਨ੍ਹੀਂ ਸਕਦਾ।
ਦਿਲ ਦਾ ਦੁੱਖ ਮੈਂ ਦੱਸ ਨ੍ਹੀਂ ਸਕਦਾ।
ਜੇ ਮੈਨੂੰ ਕੋਈ ਕਰਨਾ ਚਾਹਵੇ,
ਮੈਂ ਹੋ ਟੱਸ ਤੋਂ ਮੱਸ ਨ੍ਹੀਂ ਸਕਦਾ।
ਮੇਰੀ ਮਰਜੀ ਦੇ ਬਿਨ ਕੋਈ,
ਮੇਰੇ ਦਿਲ ਵਿੱਚ ਵੱਸ ਨ੍ਹੀਂ ਸਕਦਾ।
ਲਾਲਚ ਨਾ ਜੇ ਦੇਵੇ ਸ਼ਿਕਾਰੀ,
ਜਾਲ'ਚ ਪੰਛੀ ਫਸ ਨ੍ਹੀ ਸਕਦਾ।
ਚੰਗਾ ਬੰਦਾ ਘਰ ਦੂਜੇ ਦੇ,
ਜਾ ਕੇ ਪਾ ਘੜਮੱਸ ਨ੍ਹੀਂ ਸਕਦਾ।
ਮਾੜੇ ਕੰਮ ਜੋ ਕਰੇ ਹਮੇਸ਼ਾ,
ਖੱਟ ਕਦੇ ਉਹ ਜੱਸ ਨ੍ਹੀਂ ਸਕਦਾ।
ਕਈ ਬੰਦੇ ਨੇ ਐਨੇ ਜਹਿਰੀ,
ਸੱਪ ਉਹਨਾਂ ਨੂੰ ਡੱਸ ਨ੍ਹੀਂ ਸਕਦਾ।
ਮੈਂ ਯਾਰਾਂ ਦੀਆਂ ਗੱਲਾਂ ਵਿੱਚੋਂ,
ਲੈ ਕਦੇ ਵੀ ਚੱਸ ਨ੍ਹੀਂ ਸਕਦਾ।
ਚੇਤੇ ਆਉਣੋਂ ਹੱਟ ਜੇ ਸੱਜਣ,
ਮੈਂ ਐਨਾ ਦਿਲ ਕੱਸ ਨ੍ਹੀਂ ਸਕਦਾ।

SANJHI SOCH
ਜਸਪਾਲ ਸਿੰਘ ਨਾਗਰਾ 'ਮਹਿੰਦ ਪੁਰੀ'
ਯੂਬਾ ਸਿਟੀ ਕੈਲੀਫੋਰਨੀਆ (ਅਮਰੀਕਾ)
ਫੋਨ +13604481989



# ਸੱਚੀ ਕਹਾਣੀ: ਟਿਊਮਰ

ਮੈਂ ਸਾਹਿਲਪ੍ਰੀਤ ਸਿੰਘ ਅਤੇ ਮੇਰਾ ਦੋਸਤ ਰਾਜ ! ਇਹ ਗੱਲ ਉਨ੍ਹਾਂ ਦਿਨਾਂ ਦੀ ਹੈ, ਜਦੋਂ ਅਸੀਂ ਦੋਵੇਂ ਚੰਡੀਗੜ੍ਹ ਦੀ ਇੱਕ ਪ੍ਰਸਿੱਧ ਯੂਨੀਵਰਸਿਟੀ ਵਿੱਚ ਐਮ.ਬੀ.ਏ. ਦੀ ਪੜ੍ਹਾਈ ਕਰ ਰਹੇ ਸਾਂ। ਕਲਾਸਰੂਮ ਤੋਂ ਲੈ ਕੇ ਹੋਸਟਲ ਦੀਆਂ ਸ਼ਾਮਾਂ ਤੱਕ, ਸਾਡੀ ਜਾਣ-ਪਛਾਣ ਹੌਲੀ-ਹੌਲੀ ਇੱਕ ਗਹਿਰੀ ਅਤੇ ਵਧੀਆ ਦੋਸਤੀ ਵਿੱਚ ਬਦਲ ਗਈ। ਚੰਡੀਗੜ੍ਹ ਦੇ ਖੁੱਲ੍ਹੇ ਰਸਤੇ, ਸੁਹਾਵਣੀਆਂ ਸ਼ਾਮਾਂ ਅਤੇ ਨੌਜਵਾਨੀ ਦੇ ਸੁਪਨੇ—ਅਸੀਂ ਸਭ ਕੁਝ ਪੂਰੀ ਤਰ੍ਹਾਂ ਜੀਆ। ਮੌਜ-ਮਸਤੀ ਆਪਣੀ ਥਾਂ ਸੀ, ਪਰ ਪੜ੍ਹਾਈ ਸਦਾ ਸਾਡੇ ਲਈ ਪਹਿਲਾ ਫ਼ਰਜ਼ ਰਹੀ, ਕਿਉਂਕਿ ਸਾਨੂੰ ਪਤਾ ਸੀ ਕਿ ਭਵਿੱਖ ਦੀ ਬੁਨਿਆਦ ਇਸੇ ਰਾਹ ਤੇ ਹੀ ਤੈਅ ਹੋਣੀ ਸੀ।

ਦੋ ਸਾਲਾਂ ਦੀ ਐਮ.ਬੀ.ਏ. ਪੂਰੀ ਹੋਈ, ਰਾਹ ਵੱਖ-ਵੱਖ ਹੋ ਗਏ ਅਤੇ ਅਸੀਂ ਆਪਣੇ-ਆਪਣੇ ਸ਼ਹਿਰਾਂ ਵੱਲ ਰਵਾਨਾ ਹੋ ਗਏ। ਸ਼ੁਰੂ-ਸ਼ੁਰੂ ਵਿੱਚ ਕਦੇ-ਕਦੇ ਫ਼ੋਨ 'ਤੇ ਗੱਲ ਹੋ ਜਾਂਦੀ ਸੀ, ਪਰ ਜ਼ਿੰਦਗੀ ਦੇ ਰੁਝੇਵੇਂ ਇੰਨੇ ਵਧ ਗਏ ਕਿ ਸੰਪਰਕ ਵੀ ਹੌਲੀ-ਹੌਲੀ ਟੁੱਟ ਗਿਆ।

ਕਿਸੇ ਨੇ ਸਹੀ ਕਿਹਾ ਹੈ—ਕੁਝ ਮਿਲਾਪ ਕਿਸਮਤ ਨੇ ਪਹਿਲਾਂ ਹੀ ਲਿਖੇ ਹੁੰਦੇ ਹਨ। ਲਗਭਗ ਚਾਰ ਸਾਲਾਂ ਬਾਅਦ, ਕਨੇਡਾ ਦੇ ਸ਼ਹਿਰ ਕਿਚਨਰ (ਟੋਰਾਂਟੋ ਨੇੜੇ) ਵਿੱਚ, ਮੈਂ ਅਚਾਨਕ ਰਾਜ ਨੂੰ ਸਾਹਮਣੇ ਖੜ੍ਹਾ ਦੇਖਿਆ। ਇੱਕ ਪਲ ਲਈ ਦੋਵੇਂ ਹੈਰਾਨ ਰਹਿ ਗਏ। ਅੱਖਾਂ ਅੱਖਾਂ ਨਾਲ ਮਿਲੀਆਂ, ਤੇ ਪੁਰਾਣੀਆਂ ਯਾਦਾਂ ਦੀ ਫ਼ਿਲਮ ਇੱਕਦਮ ਚੱਲ ਪਈ।

"ਯਾਰ, ਕਿੱਥੇ ਗੁੰਮ ਹੋ ਗਿਆ ਸੀ? ਚੰਡੀਗੜ੍ਹ ਛੱਡਣ ਤੋਂ ਬਾਅਦ ਮੁੜ ਗੱਲ ਹੀ ਨਹੀਂ ਹੋਈ ਕਦੇ," ਮੈਂ ਰਾਜ ਦਾ ਹੱਥ ਫੜ੍ਹ ਕੇ ਕਿਹਾ। ਨੇੜੇ ਹੀ ਇੱਕ ਛੋਟੀ ਜਿਹੀ ਚਾਹ ਦੀ ਦੁਕਾਨ 'ਤੇ ਬੈਠ ਕੇ ਅਸੀਂ ਗੱਲਾਂ ਦਾ ਸਿਲਸਿਲਾ ਸ਼ੁਰੂ ਕੀਤਾ। ਚਾਹ ਦੀਆਂ ਚੁਸਕੀਆਂ ਨਾਲ ਯਾਦਾਂ ਤਾਜ਼ਾ ਹੋਣ ਲੱਗੀਆਂ। ਮੈਂ ਪੁੱਛਿਆ, "ਰਾਜ, ਇੰਨੀ ਦੇਰ ਕਿੱਥੇ ਰਿਹਾ? ਕਨੇਡਾ ਕਿਵੇਂ ਆਇਆ?" ਰਾਜ ਨੇ ਹੌਲੀ ਜਿਹੀ ਮੁਸਕਾਨ ਨਾਲ, ਪਰ ਅੱਖਾਂ ਵਿੱਚ ਲੁਕਿਆ ਦਰਦ ਦਿਖਾਉਂਦੇ ਹੋਏ ਕਿਹਾ, "ਭਾਈ, ਜ਼ਿੰਦਗੀ ਕਨੇਡਾ ਆ ਕੇ ਇੱਕ ਨਵੇਂ ਦਾਅ 'ਤੇ ਲੱਗ ਗਈ ਸੀ। ਇੱਥੇ ਉਹ ਪੇਸ਼ੇ ਵਜੋਂ ਟਰੱਕ ਡਰਾਈਵਰ ਹੈ। ਸਭ ਕੁਝ ਠੀਕ-ਠਾਕ ਚੱਲ ਰਿਹਾ ਸੀ ਕਿ ਇੱਕ ਦਿਨ ਅਚਾਨਕ ਉਸ ਦੀਆਂ ਅੱਖਾਂ ਵਿੱਚ ਦਰਦ ਸ਼ੁਰੂ ਹੋ ਗਿਆ। ਪਹਿਲਾਂ ਉਸਨੇ ਸੋਚਿਆ ਕਿ ਸ਼ਾਇਦ ਥਕਾਵਟ ਕਾਰਨ ਹੋਵੇ, ਪਰ ਦਰਦ ਲਗਾਤਾਰ ਬਣੀ ਰਹੀ। ਆਖ਼ਰਕਾਰ, ਕਿਚਨਰ ਵਿੱਚ ਇੱਕ ਅੱਖਾਂ ਦੇ ਮਾਹਿਰ ਡਾਕਟਰ ਕੋਲ ਜਾਂਚ ਕਰਵਾਈ। ਡਾਕਟਰ ਨੇ ਬੜੀ ਬਰੀਕੀ ਨਾਲ ਜਾਂਚ ਕਰਕੇ ਕਿਹਾ, "ਸਮੱਸਿਆ ਅੱਖਾਂ ਦੀ ਨਹੀਂ, ਇਹ ਸਿਰ ਨਾਲ ਸੰਬੰਧਿਤ ਲੱਗਦੀ ਹੈ।" ਰਾਜ ਨੂੰ ਤੁਰੰਤ ਨਿਊਰੋਲੋਜਿਸਟ ਕੋਲ ਰੈਫ਼ਰ ਕਰ ਦਿੱਤਾ ਗਿਆ। ਸਿਰ ਦਾ ਸਕੈਨ ਹੋਇਆ। ਰਿਪੋਰਟ ਦੇਖ ਕੇ ਡਾਕਟਰ ਦੇ ਚਿਹਰੇ 'ਤੇ ਗੰਭੀਰਤਾ ਛਾ ਗਈ। "ਤੁਹਾਡੇ ਸਿਰ ਵਿੱਚ ਟਿਊਮਰ ਹੈ, ਅਤੇ ਜਲਦ ਆਪ੍ਰੇਸ਼ਨ ਕਰਨਾ ਪੈ ਸਕਦਾ ਹੈ। ਇਹ ਵੀ ਸੰਭਾਵਨਾ ਹੈ ਕਿ ਆਪ੍ਰੇਸ਼ਨ ਤੋਂ ਬਾਅਦ ਤੁਹਾਡੀ ਯਾਦਦਾਸ਼ਤ ਪ੍ਰਭਾਵਿਤ ਹੋਵੇ," ਡਾਕਟਰ ਨੇ ਕਿਹਾ।

ਰਾਜ ਲਈ ਇਹ ਸਦਮਾ ਸਿਰਫ਼ ਆਪਣੀ ਬਿਮਾਰੀ ਦਾ ਨਹੀਂ ਸੀ, ਸਗੋਂ ਆਪਣੇ ਛੋਟੇ-ਛੋਟੇ ਬੱਚਿਆਂ, ਪਤਨੀ ਅਤੇ ਭਾਰਤ ਵਿੱਚ ਬੈਠੇ ਬੁਜ਼ੁਰਗ ਮਾਪਿਆਂ ਦੀ ਚਿੰਤਾ ਦਾ ਸੀ। ਉਸਨੇ ਡਾਕਟਰ ਨੂੰ ਕਿਹਾ, "ਆਪ੍ਰੇਸ਼ਨ ਤੋਂ ਪਹਿਲਾਂ ਮੈਨੂੰ ਆਪਣੇ ਬੱਚਿਆਂ ਨੂੰ ਇੱਕ ਵਾਰ ਗਲੇ ਲਗਾਉਣ ਦੀ ਇਜਾਜ਼ਤ ਦੇ ਦਿਓ।" ਡਾਕਟਰ ਨੇ ਸਖ਼ਤ ਹਦਾਇਤ ਦਿੱਤੀ ਕਿ ਹੁਣ ਉਹ ਡਰਾਈਵ ਨਹੀਂ ਕਰੇਗਾ। ਟੈਕਸੀ ਰਾਹੀਂ ਰਾਜ ਘਰ ਪਹੁੰਚਿਆ। ਬੱਚਿਆਂ ਨੂੰ ਗਲੇ ਲਗਾਇਆ, ਪਤਨੀ ਨੂੰ ਸਾਰੀ ਹਕੀਕਤ ਦੱਸੀ। ਘਰ ਦਾ ਮਾਹੌਲ ਇਕਦਮ ਗ਼ਮਗੀਨ ਹੋ ਗਿਆ। ਪਤਨੀ ਦੇ ਸਾਹ ਰੁਕਣ ਲੱਗ ਪਏ, ਬੱਚਿਆਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ।

ਪਰਮਾਤਮਾ 'ਤੇ ਭਰੋਸਾ ਰੱਖਦੇ ਹੋਏ, ਰਾਜ ਮੁੜ ਡਾਕਟਰ ਕੋਲ ਗਿਆ। ਡਾਕਟਰ ਨੇ ਇੱਕ ਹਫ਼ਤੇ ਦੀ ਦਵਾਈ ਲਿਖ ਕੇ ਦਿੱਤੀ। ਹਫ਼ਤਾ ਬਾਅਦ ਫਿਰ ਸਕੈਨ ਹੋਇਆ—ਅਤੇ ਹੈਰਾਨੀ ਦੀ ਗੱਲ ਇਹ ਸੀ ਕਿ ਟਿਊਮਰ ਕੁਝ ਘਟ ਗਿਆ ਸੀ। ਦਵਾਈ ਜਾਰੀ ਰਹੀ। ਦੋ ਹਫ਼ਤੇ, ਫਿਰ ਚਾਰ ਹਫ਼ਤੇ—ਹਰ ਵਾਰੀ ਸਕੈਨ ਵਿੱਚ ਟਿਊਮਰ ਹੋਰ ਸੁੰਘੜਦਾ ਗਿਆ।

ਆਖ਼ਰਕਾਰ ਉਹ ਦਿਨ ਵੀ ਆ ਗਿਆ, ਜਦੋਂ ਡਾਕਟਰ ਨੇ ਮੁਸਕਰਾ ਕੇ ਕਿਹਾ, "ਟਿਊਮਰ ਹੁਣ ਨਹੀਂ ਰਿਹਾ।" ਰਾਜ ਨੇ ਕਿਹਾ, "ਉਸ ਦਿਨ ਮੈਂ ਦਿਲੋਂ ਉਸ ਪਰਮਾਤਮਾ ਦਾ ਸ਼ੁਕਰ ਅਦਾ ਕੀਤਾ। ਜੇ ਮੈਂ ਭਾਰਤ ਵਿੱਚ ਹੁੰਦਾ, ਤਾਂ ਸ਼ਾਇਦ ਇੰਨੇ ਮਹਿੰਗੇ ਇਲਾਜ ਦਾ ਬੋਝ ਮੇਰੇ ਲਈ ਅਤੇ ਮੇਰੇ ਪਰਿਵਾਰ ਲਈ ਝੱਲਣਾ ਮੁਸ਼ਕਲ ਹੁੰਦਾ। ਸ਼ਾਇਦ ਅੱਜ ਮੈਂ ਜਿੰਦਾ ਵੀ ਨਾ ਹੁੰਦਾ।" ਇਹ ਗੱਲ ਸੁਣ ਕੇ ਮੇਰੀਆਂ ਅੱਖਾਂ (ਸਾਹਿਲਪ੍ਰੀਤ ਸਿੰਘ) ਵੀ ਭਿੱਜ ਗਈਆਂ। ਮੈਂ ਕਿਹਾ, "ਵਾਕਈ, ਜ਼ਿੰਦਗੀ ਉਸ ਮਾਲਕ ਦੇ ਹੀ ਹੱਥ ਵਿੱਚ ਹੈ। ਕਿਸ ਨੂੰ ਰੱਖਣਾ ਹੈ, ਕਿਸ ਨੂੰ ਬਚਾਉਣਾ ਹੈ—ਇਹ ਸਭ ਉਸਦੀ ਮਰਜ਼ੀ 'ਤੇ ਨਿਰਭਰ ਕਰਦਾ ਹੈ।"ਇਹ ਸੱਚੀ ਕਹਾਣੀ ਸਿਰਫ਼ ਇੱਕ ਬਿਮਾਰੀ ਤੋਂ ਜਿੱਤ ਦੀ ਨਹੀਂ, ਸਗੋਂ ਦੋਸਤੀ, ਹੌਸਲੇ, ਆਸਥਾ ਅਤੇ ਨਵੀਂ ਜ਼ਿੰਦਗੀ ਦੀ ਹੈ—ਜੋ ਸਾਨੂੰ ਸਿਖਾਉਂਦੀ ਹੈ ਕਿ ਜਦੋਂ ਮਨੁੱਖ ਹਾਰ ਮੰਨਣ ਦੇ ਕਿਨਾਰੇ 'ਤੇ ਹੁੰਦਾ ਹੈ, ਓਦੋਂ ਪਰਮਾਤਮਾ ਕਿਸੇ ਨਾ ਕਿਸੇ ਰੂਪ ਵਿੱਚ ਰਾਹ ਖੋਲ੍ਹ ਹੀ ਦਿੰਦਾ ਹੈ।

ਸਾਹਿਲਪ੍ਰੀਤ ਸਿੰਘ ਗੁਰਦਾਸਪੁਰੀ
+61429939280

LARRY T. NIERMEYER



Attorney at Law

OFFERING SERVICES IN
THE FOLLOWING AREAS





1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation

PHONE: (209) 574-9447

1420 F STREET ST_ 2ND FLOOR MODESTO, CA 95354

Email : ltniermeyer@aol.com


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com

WE HAVE THE CHEAPEST FARES TO INDIA

# LEGEND TRAVEL

arc accredited agency
CST # 207524-40

Special Fares To India From West-coast (us) On Air India Direct Flights



JATINDER SINGH




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

## (510) 797-9010

USA OFFICE: 2450 PERALTA BLVD., STE 106-108, FREMONT CA 94536 PH.: 510-797-9010

Website: www.legendamerica.net

Emirates | CATHAY PACIFIC | ASIANA AIRLINES | JET AIRWAYS | CHINA AIRLINES | BRITISH AIRWAYS | SINGAPORE AIRLINES | Lufthansa | ANA